ੴ ਸਤਿਗੁਰ ਪ੍ਰਸਾਦਿ ॥

# ਸੱਚਖੰਡ ਪੱਤਰ

August 2010

ਅਗਸਤ ੨੦੧੦



ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪਾਵਨ ਅਵਤਾਰ ਦਿਵਸ ਦੀਆਂ ਲੱਖ-ਲੱਖ ਵਧਾਈਆਂ !

**SACHKHAND PATRA** **ਸਚਖੰਡ ਪਤ੍ਰ**

ਭੇਟਾ 17/-

# ਸੱਚਖੰਡ ਸਮਾਚਾਰ



ਸ੍ਰੀ ਅਨੰਦਪੁਰ ਸਾਹਿਬ ਦੇ ਐਮ.ਪੀ. ਸ੍ਰ. ਰਵਨੀਤ ਸਿੰਘ ਜੀ ਬਿੱਟੂ ਪਿਛਲੇ ਦਿਨੀਂ ਤਖ਼ਤ ਸੱਚਖੰਡ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ, ਉਨ੍ਹਾਂ ਦਾ ਤਖ਼ਤ ਸਾਹਿਬ ਵਿਖੇ ਰਵਾਇਤੀ ਸਤਿਕਾਰ ਕੀਤਾ ਗਿਆ । ਉਪਰੰਤ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ ( ਖੱਬਿਓਂ ) ਸ੍ਰ. ਮੋਹਨ ਸਿੰਘ ਜੀ ਗਾੜੀਵਾਲੇ, ਸ੍ਰ. ਬਲਵੰਤ ਸਿੰਘ ਜੀ ਸਾਬਕਾ ਮੇਅਰ, ਸ੍ਰ. ਭੁਪਿੰਦਰ ਸਿੰਘ ਜੀ ਰੰਗੀ, ਸ੍ਰ. ਜਸਬੀਰ ਸਿੰਘ ਜੀ ਧਾਮ ਮੁੰਬਈ, ਸ੍ਰ. ਸੁਖਵਿੰਦਰ ਸਿੰਘ ਜੀ ਹੁੰਦਲ, ਸ੍ਰ. ਸਰਜੀਤ ਸਿੰਘ ਜੀ ਗਿੱਲ ਸਾਬਕਾ ਉਪਮੇਅਰ, ਸ੍ਰ. ਡੀ.ਪੀ. ਸਿੰਘ ਜੀ ਸੁਪਰਡੈਂਟ ਗੁਰਦੁਆਰਾ ਸੱਚਖੰਡ ਸਾਹਿਬ, ਸ੍ਰ. ਭਾਗਿੰਦਰ ਸਿੰਘ ਜੀ ਨਗਰ ਸੇਵਕ, ਸ੍ਰ. ਜੋਗਿੰਦਰ ਸਿੰਘ ਜੀ ਖੈਰ੍ਹਾ ਆਦਿ ਨਜ਼ਰ ਆ ਰਹੇ ਹਨ ।



ਐਮ.ਪੀ. ਸ੍ਰ. ਰਵਨੀਤ ਸਿੰਘ ਜੀ ਬਿੱਟੂ ਦਾ ਗੁਰਦੁਆਰਾ ਸੱਚਖੰਡ ਸਾਹਿਬ ਦੇ ਪ੍ਰਸ਼ਾਸ਼ਕ ਡਾ. ਪਰਵਿੰਦਰ ਸਿੰਘ ਜੀ ਪਸਰੀਚਾ ਵਲੋਂ ਮੋਮੈਂਟੋ ਦੇਕੇ ਸਨਮਾਨ ਕੀਤਾ ਗਿਆ, ਨਾਲ ਸ੍ਰ. ਡੀ.ਪੀ. ਸਿੰਘ ਜੀ ਸੁਪਰਡੈਂਟ ਗੁਰਦੁਆਰਾ ਸਾਹਿਬ, ਸ੍ਰ. ਮੋਹਨ ਸਿੰਘ ਜੀ ਗਾੜੀਵਾਲੇ ਨਜ਼ਰ ਆ ਰਹੇ ਹਨ ।

ੴ ਵਾਹਿਗੁਰੂ ਜੀ ਕੀ ਫਤਹਿ ॥

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥ ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥

# ਸੱਚਖੰਡ ਪੱਤਰ

ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਵਲੋਂ ਪ੍ਰਕਾਸ਼ਤ ਧਾਰਮਿਕ ਮਾਸਕ ਪੱਤਰ

ਸਾਲ ੩੯ ਅਗਸਤ ੨੦੧੦ ਅੰਕ ੪੩੦

ਸੰਪਾਦਕ

ਗਿਆਨੀ ਅਵਤਾਰ ਸਿੰਘ 'ਸ਼ੀਤਲ'

M.Com., L.L.B.

ਸਹਾ. ਸੰਪਾਦਕ

ਰਾਜਦਵਿੰਦਰ ਸਿੰਘ 'ਕੱਲ੍ਹਾ'

M.A., G.P.

## ਗੁਰਪੁਰਬ ਤੇ ਦਿਨ ਤਿਉਹਾਰ ਅਗਸਤ–ਸਤੰਬਰ ੨੦੧੦

| | |
|---|---|
| * ਅਵਤਾਰ ਦਿਵਸ ਪਾ:੮ਵੀਂ | ੦੪ ਅਗਸਤ |
| * ਸਲਾਨਾ ਬਰਸੀ ਸੰਤ ਬਾਬਾ ਨਿਧਾਨ ਸਿੰਘ ਜੀ | ੦੪ ਅਗਸਤ |
| * ਰੱਖੜੀ ਤੇ ਮੇਲਾ ਬਾਬਾ ਬਕਾਲਾ | ੨੪ ਅਗਸਤ |
| * ਜਨਮ ਦਿਨ ਪੰਜ ਪਿਆਰੇ ਭਾਈ ਦਇਆ ਸਿੰਘ ਜੀ | ੨੬ ਅਗਸਤ |
| * ਸੰਗਰਾਂਦ | ੧੬ ਅਗਸਤ |
| * ਮੱਸਿਆ | ੧੦ ਅਗਸਤ |
| * ਪੂਰਨਮਾਸੀ | ੨੪ ਅਗਸਤ |
| * ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ | ੯ ਸਤੰਬਰ |
| * ਗੁਰਤਾਗੱਦੀ ਪਾ:੫ਵੀਂ | ੧੦ ਸਤੰਬਰ |
| * ਜੋਤੀ ਜੋਤ ਪਾ: ੪ | ੧੦ ਸਤੰਬਰ |
| * ਗੁਰਤਾਗੱਦੀ ਪਾ: ੪ | ੨੧ ਸਤੰਬਰ |
| * ਜੋਤੀ ਜੋਤ ਪਾ: ੩ | ੨੩ ਸਤੰਬਰ |
| * ਗੁਰਤਾਗੱਦੀ ਪਾ: ੨ | ੨੮ ਸਤੰਬਰ |
| * ਸੰਗਰਾਂਦ | ੧੬ ਸਤੰਬਰ |
| * ਮੱਸਿਆ | ੦੮ ਸਤੰਬਰ |
| * ਪੂਰਨਮਾਸੀ | ੨੩ ਸਤੰਬਰ |

ਨੋਟ :– 'ਸੱਚਖੰਡ ਪੱਤਰ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਕੁਲ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਸੋ, ਲਾਜ਼ਮੀ ਨਹੀਂ ਕਿ ਇਹਨਾਂ ਨਾਲ ਗੁ: ਬੋਰਡ ਜਾਂ ਅਦਾਰਾ ਸੱਚਖੰਡ ਪੱਤਰ ਪੂਰੀ ਤਰ੍ਹਾਂ ਸਹਿਮਤ ਹੋਵੇ।

–ਪ੍ਰਕਾਸ਼ਕ

## ਦਰਪਨ

* ਸੰਪਾਦਕੀ ੩
* ਜਿਸੁ ਡਿਠੇ ਸਭਿ ਦੁਖ ਜਾਇ –ਸ੍ਰ: ਗੁਰਦੀਪ ਸਿੰਘ ੯
* ਗੁਰੂ ਸਾਹਿਬਾਨ ਨੇ ਭਾਰਤ ਦੇ 'ਬਹੁ–ਧਰਮੀ' ਸਰੂਪ ਨੂੰ ਬਚਾਇਆ –ਸ੍ਰ: ਹਰਬੀਰ ਸਿੰਘ ਭੰਵਰ ੧੩
* (ਦੱਖਣੀ ਸਿੰਘਾਂ ਦਾ ਅਨਲਿਖਿਤ ਪਿਛੋਕੜ) ਇਤਿਹਾਸਿਕ ਸੱਚਾਈ –ਸ੍ਰ: ਮਹਿੰਦਰ ਸਿੰਘ ਮਠਾਰੂ 'ਚਿਤਾਰ' ੨੨
* ਮਹਾਨ ਸੂਫੀ ਫਕੀਰ ਸੱਜਦ ਪੀਰ ਬੁੱਧੂ ਸ਼ਾਹ–੧ –ਪ੍ਰੋ. ਕਿਰਪਾਲ ਸਿੰਘ ਬਡੂੰਗਰ ੨੮
* ਦਸਮੇਸ਼ ਦਰਪਣ –੬ –ਡਾ.ਤਾਰਨ ਸਿੰਘ ੩੪
* ਚਿੱਠਾ ਆਮਦਨ–ਖਰਚ (ਜੂਨ–੨੦੧੦) ੩੮

## हिन्दी विभाग

* श्री हरिकृशन धिआईऐ जिसु डिठै सभि दुख जाए -डॉ. (मेजर) बलबीर सिंघ जी भसीन २
* श्री गुरु नानक देव जी तथा भक्त रविदास जी की विचारधारा : एक तुलनात्मक अध्ययन -डॉ. जसविंदर कौर जी ढिल्लों ४
* सिख इतिहास का अमर पात्र-लखीशाह बंजारा -रणबीर सिंह जी ८
* बचित्र नाटक में चित्रित सामाजिक दृष्टिबोध -डॉ. आशा अनेजा जी १०
* सिख (हुब्बे वतन से) -स्व. दीवान पिन्डी दास जी 'कमर' १२

## ENGLISH SECTION

* Human Resources Development Model of a Gurmukh as Described in Sri Guru Granth Sahibji -Dr. *Dalwinder Singh Ji Grewal* 2
* Guru Nanak Dev Ji the Symbol of Unity -Dr. Balbir Singh Ji Bhasin 7
* Deccani Sikhs - Peace Corps - 2 - *S. Nanak Singh Ji Nishter* 9

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ

## ਪਵਿੱਤਰ ਮਰਯਾਦਾ (ਪੂਜਾ ਪਾਠ)

| | | |
|---|---|---|
| * | ਤਖ਼ਤ ਇਸ਼ਨਾਨ ਲਈ ਗੋਦਾਵਰੀ ਨਦੀ ਤੋਂ ਜਲ ਦੀ ਗਾਗਰ ਗਾਗਰੀਆ ਸਿੰਘ ਜੀ ਲੈਕੇ ਹਾਜ਼ਰ ਹੁੰਦੇ ਹਨ | ੧-੫੫ ਅੰਮ੍ਰਿਤ ਵੇਲੇ |
| * | ਆਰੰਭ ਪਾਠ ਸੁਖਮਨੀ ਸਾਹਿਬ ਜੀ | ੨-੦੦ ਅੰਮ੍ਰਿਤ ਵੇਲੇ |
| * | ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ | ੩-੦੦ ਸਵੇਰੇ |
| * | ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੩-੨੦ ਸਵੇਰੇ |
| * | ਕੀਰਤਨ ਆਰੰਭ ਸ੍ਰੀ ਆਸਾ ਜੀ ਦੀ ਵਾਰ | ੩-੩੦ ਸਵੇਰੇ |
| * | ਕੀਰਤਨ ਸਮਾਪਤੀ ਸ੍ਰੀ ਆਸਾ ਜੀ ਦੀ ਵਾਰ | ੬-੦੦ ਸਵੇਰੇ |
| * | ਭੋਗ ਦੇਗ (ਕੜ੍ਹਾਹ) ਪ੍ਰਸ਼ਾਦਿ, ਦੂਸਰਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ ਉਪਰੰਤ ਅਨੰਦ ਸਾਹਿਬ ਜੀ ਦੀ ਚੌਕੀ ਆਰੰਭ ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਅਨੰਦ ਸਾਹਿਬ ਜੀ ਦੀ ਚੌਕੀ ਦੀ ਸਮਾਪਤੀ | ੬-੧੫ ਤੋਂ ੭-੩੦ |
| * | ਕਥਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੭-੩੦ ਸਵੇਰੇ |
| * | ਆਰੰਭ ਤੇ ਸਮਾਪਤੀ ਅਖੰਡ ਪਾਠ, ਸਪਤਾਹ ਪਾਠ ਅਤੇ ਸਧਾਰਨ ਪਾਠ | ੧੦-੧੫ ਸਵੇਰੇ |
| * | ਅੰਮ੍ਰਿਤ ਸੰਚਾਰ | ੧੦-੩੦ ਸਵੇਰੇ |
| * | ਸਮਾਪਤੀ ਕੀਰਤਨ ਚਰਨ ਕੰਵਲ | ੧੧-੩੦ ਸਵੇਰੇ |
| * | ਕਥਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੧੨-੦੦ ਦੁਪਹਿਰ |
| * | ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਜੀ ਦੀ ਸਫਾਈ | ੧੨ ਤੋਂ ੧ ਦੁਪਹਿਰ |
| * | ਭੋਗ ਦੇਗ ਪ੍ਰਸ਼ਾਦਿ | ੩-੪੫ ਦੁਪਹਿਰ |
| * | ਕਥਾ ਸੂਰਜ ਪ੍ਰਕਾਸ਼ | ੪ ਤੋਂ ੫ ਦੁਪਹਿਰ |
| * | ਕੀਰਤਨ ਸੋਦਰ ਚੌਕੀ | ੫-੦੦ ਸ਼ਾਮ |
| * | ਪਾਠ ਰਹਿਰਾਸ ਸਾਹਿਬ ਜੀ | ੬-੩੦ ਸ਼ਾਮ |
| * | ਆਰਤੀ ਚੌਕੀ ਸਵੈਯੇ | ੭-੩੦ ਰਾਤ |
| * | ਕੀਰਤਨ ਸੋਹਿਲਾ | ੯-੦੦ ਰਾਤ |

## ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ

ਪਵਿੱਤਰ ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ ਰਾਤ ਨੂੰ ਆਰਤੀ ਤੋਂ ਉਪਰੰਤ ਕਰਾਏ ਜਾਂਦੇ ਹਨ

ਗੁਰੂ ਕਾ ਲੰਗਰ ੨੪ ਘੰਟੇ ਅਤੁੱਟ ਵਰਤਦਾ ਹੈ।

ਸੰਪਾਦਕੀ

# ਗੁਰੂ ਜੀ ਦੀ ਆਵਾਜ਼ ਤੇ ਸ਼ੀਸ ਭੇਟ ਕਰਨ ਵਾਲੇ ਭਾਈ ਦਇਆ ਸਿੰਘ ਜੀ

ਇਸ ਜਗਤ ਵਿੱਚ ਆ ਕੇ ਕਈ ਮਨੁੱਖ ਆਪਣਾ ਜੀਵਨ ਅਗਿਆਨਤਾ, ਦੰਭ, ਲਾਲਚ, ਸੁਆਰਥ, ਦ੍ਵੈਸ਼, ਈਰਖਾ, ਨਿੰਦਾ ਆਦਿ ਅਵਗੁਣਾਂ ਵਿੱਚ ਹੀ ਬਤੀਤ ਕਰ ਦਿੰਦੇ ਹਨ । ਉਹਨਾਂ ਵਿਚੋਂ ਬਹੁਤ ਥੋੜੇ ਹੁੰਦੇ ਹਨ ਜੋ ਅਪਣੀ ਜ਼ਿੰਦਗੀ ਨੂੰ ਇੱਕ ਤਰਤੀਬ ਦਿੰਦੇ ਹਨ, ਚੰਗਾ ਜੀਵਨ ਬਤੀਤ ਕਰਦੇ ਹਨ ਪਰ ਦੇਸ਼ ਕੌਮ ਤੇ ਧਰਮ ਲਈ ਕੁਰਬਾਨੀ ਦੇਣੀ ਪਈ ਤਾਂ ਪਿਛੇ ਹਟ ਜਾਂਦੇ ਹਨ । ਫਿਰ ਬਹੁਤ ਹੀ ਥੋੜੇ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਨੂੰ ਤਰਤੀਬ ਵੀ ਦਿੰਦੇ ਹਨ, ਧਾਰਮਿਕ ਜੀਵਨ ਵੀ ਜਿਉਂਦੇ ਹਨ । ਪ੍ਰੇਮ, ਸੇਵਾ, ਸਿਮਰਨ, ਪਰੋਪਕਾਰ, ਮਿਲਵਰਤਨ ਵਰਗੇ ਦੈਵੀ ਗੁਣਾਂ ਨੂੰ ਗ੍ਰਹਿਣ ਕਰਦੇ ਹਨ, ਅਤੇ ਲੋੜ ਪੈਣ ਤੇ ਗੁਰੂ ਜੀ ਦੇ ਹੁਕਮ ਤੇ ਆਪਣੀ ਜਾਨ ਵੀ ਕੁਰਬਾਨ ਕਰ ਸਕਦੇ ਹਨ । ਉਹਨਾਂ ਵਿਚੋਂ ਇੱਕ ਸਨ ਭਾਈ ਦਇਆ ਸਿੰਘ ਜੀ, ਜਿਨ੍ਹਾਂ ਨੇ ਗੁਰੂ ਜੀ ਦੀ ਆਵਾਜ਼ ਤੇ, ਬਿਨਾ ਕਿਸੇ ਸੁਆਰਥ ਦੇ, ਦੇਸ਼, ਕੌਮ ਅਤੇ ਧਰਮ ਦੀ ਰਖਿਆ ਲਈ ਆਪਣਾ ਸ਼ੀਸ ਭੇਟ ਕੀਤਾ ਸੀ । ਉਹਨਾਂ ਦਾ ਜਨਮ ਦਿਹਾੜਾ ਇਸ ਮਹੀਨੇ ਸਾਰੇ ਹੀ ਸਿੱਖ ਜਗਤ ਵਿੱਚ ਬੜੀ ਹੀ ਸ਼ਰਧਾ ਤੇ ਪ੍ਰੇਮ ਨਾਲ ਮਨਾਇਆ ਜਾ ਰਿਹਾ ਹੈ ।

ਭਾਈ ਦਇਆ ਸਿੰਘ ਜੀ (ਪਹਿਲਾ ਨਾਮ ਭਾਈ ਦਇਆ ਰਾਮ) ਲਾਹੌਰ ਵਿੱਚ ਰਹਿੰਦੇ ਸਨ। ਸੰਨ ੧੬੯੯ ਵਾਲੀ ਵੈਸਾਖੀ (੩੦ ਮਾਰਚ ੧੬੯੯) ਤੇ ਸ੍ਰੀ ਅਨੰਦਪੁਰ ਵਿੱਚ ਭਾਰੀ ਦੀਵਾਨ ਸਜਣਾ ਸੀ, ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਸਭ ਤੋਂ ਵੱਡੇ ਮਨੋਰਥ ਨੂੰ ਪੂਰਨ ਕਰਨ ਲਈ ਪੂਰੇ ਦੇਸ਼ ਵਿੱਚ, ਜਿੱਥੇ-ਜਿੱਥੇ ਸਿੱਖ ਸੰਗਤਾਂ ਰਹਿੰਦੀਆਂ ਸਨ, ਹੁਕਮਨਾਮੇ ਭੇਜ ਕੇ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਸੰਗਤ ਨੂੰ ਇਕੱਠਾ ਹੋਣ ਲਈ ਹੁਕਮ ਕੀਤਾ । ਮਹੀਨੇ ਦੋ ਮਹੀਨੇ ਵਿੱਚ ਹੀ ਇਹ ਹੁਕਮ ਦੀ ਖਬਰ ਹਰ ਇੱਕ ਨਾਨਕ ਨਾਮ ਲੇਵਾ ਗੁਰਸਿੱਖਾਂ ਦੇ ਕੋਲ ਪਹੁੰਚ ਗਈ । ਲਾਹੌਰ ਵਿੱਚ ਵੀ ਪਹੁੰਚੀ, ਭਾਈ ਦਇਆ ਰਾਮ ਨੇ ਜਦੋਂ ਇਹ ਹੁਕਮ ਸੁਣਿਆ ਕਿ ਗੁਰੂ ਜੀ ਨੇ ਸੰਗਤ ਨੂੰ ਯਾਦ ਕੀਤਾ ਹੈ, ਤਿਆਰੀ ਕਰਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ । ਮਨ ਵਿੱਚ ਜਿਗਿਆਸਾ ਸੀ ਕਿ ਸਤਿਗੁਰੂ ਜੀ ਦੇ ਦਰਸ਼ਨ ਵੀ ਹੋ ਜਾਣਗੇ ਤੇ ਨਾਲੇ ਹੁਕਮ ਵੀ ਕਮਾਇਆ ਜਾਵੇਗਾ। ਇਸੇ ਤਰਹਾਂ ਦੇਸ਼ ਦੇ ਕੋਨੇ ਕੋਨੇ ਤੋਂ ਸੰਗਤਾਂ ਚਲ ਕੇ ਪਹੁੰਚ ਚੁਕੇ ਸਨ ।

੩੦ ਮਾਰਚ ੧੬੯੯ ਨੂੰ (ਵੈਸਾਖੀ ਨੂੰ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕੇਸਗੜ੍ਹ ਦੀ ਥਾਂ ਤੇ ਇੱਕ ਵੱਡਾ ਦੀਵਾਨ ਸਜਾਇਆ । ਦੀਵਾਨ ਵਿੱਚ ਹਜਾਰਾਂ ਹੀ ਗੁਰਮੁਖ ਪਿਆਰੇ ਹਾਜ਼ਰ ਹੋਏ ਸਨ । ਉੱਚਾ ਸਟੇਜ ਵੀ ਬਣਾਇਆ ਹੋਇਆ ਸੀ । ਗੁਰੂ ਜੀ ਸਟੇਜ ਤੇ ਆਏ ਸੰਗਤਾਂ ਦਰਸ਼ਨ ਕਰਕੇ ਨਿਹਾਲ ਹੋਈਆਂ । ਪਰ ਅੱਜ ਗੁਰੂ ਜੀ ਦਾ ਜਾਹੋ ਜਲਾਲ ਕੁਛ ਹੋਰ ਹੀ ਸੀ, ਪਾਵਨ ਮੁਖਾਰਬਿੰਦ ਤੇ ਰੁਦ੍ਰ ਰਸ ਚੜਿਆ ਹੋਇਆ ਸੀ, ਨੈਨ ਕਟੋਰੇ ਵਿਸ਼ੇਸ਼ ਪ੍ਰਕਾਰ ਦੀ ਚਮਕ ਨਾਲ ਚਮਕ ਰਹੇ ਸਨ। ਸੰਗਤ ਵਿਸਮਿਤ ਹੋ ਕੇ ਗੁਰੂ ਜੀ ਨੂੰ ਨਿਹਾਰ ਰਹੀ ਸੀ ਕਿ ਅਚਾਨਕ ਬਿਜਲੀ ਦੀ ਕੜਕ ਵਾਂਗ ਗੁਰੂ ਜੀ ਦੀ ਆਵਾਜ਼ ਗੂੰਜੀ 'ਸਾਨੂੰ ਇੱਕ ਸ਼ੀਸ ਦੀ ਲੋੜ ਹੈ । ਕੋਈ ਹੈ ਜੋ ਸਾਨੂੰ ਆਪਣਾ ਸ਼ੀਸ ਭੇਟ ਕਰੇ?' ਗੁਰੂ ਜੀ ਦੀ ਇਸ ਗਰਜ਼ਵੀਂ ਆਵਾਜ਼ ਨਾਲ ਸਾਰੀ ਸੰਗਤ ਵਿੱਚ ਚੁੱਪੀ ਛਾ ਗਈ । ਗੁਰੂ ਜੀ ਦੇ ਹੱਥ ਵਿੱਚ ਨੰਗੀ ਤਲਵਾਰ ਸੀ । ਇਸ ਸਮੇਂ ਸ਼ੀਸ ਭੇਟ ਦੇਣ ਦਾ ਭਾਵ ਸੀ ਆਪਣੇ ਪ੍ਰਾਣਾਂ ਦੀ ਕੁਰਬਾਨੀ ਦੇ ਦੇਣੀ । ਸਾਰੇ ਹੀ ਇੱਕ ਦੂਜੇ ਨੂੰ ਵੇਖਣ ਲੱਗੇ । ਗੁਰੂ ਜੀ ਨੇ ਦੂਜੀ ਵਾਰ ਗਰਜ਼ ਭਰੀ ਆਵਾਜ਼ ਵਿੱਚ ਫਿਰ ਉਹੀ ਗਲ ਆਖੀ। ਸੰਗਤ ਪਸ਼ੋਪੇਸ਼ ਵਿੱਚ ਆ ਗਈ, ਕਿਸੇ ਦੇ ਕੁਝ ਸਮਝ ਨਹੀਂ ਆਇਆ । ਗੁਰੂ ਜੀ ਨੇ ਤੀਜੀ ਵਾਰ ਆਵਾਜ਼ ਲਗਾਈ ਤਾਂ ਲਾਹੌਰ ਤੋਂ ਆਏ ਭਾਈ ਦਇਆ

ਦਇਆ ਰਾਮ ਜੀ ਨੇ ਹਿੰਮਤ ਕੀਤੀ ਦੋਨੋ ਹੱਥ ਜੋੜ ਕੇ ਖੜੇ ਹੋ ਗਏ ਤੇ ਕਿਹਾ ਗੁਰੂ ਜੀ ਦਾਸ ਦਾ ਸ਼ੀਸ ਹਾਜ਼ਰ ਹੈ, ਭੇਟ ਵਜੋਂ ਸਵੀਕਾਰ ਕਰੋ । ਤੇ ਤੀਜੀ ਆਵਾਜ਼ ਤੇ ਮੈਂ ਉਠਿਆ, ਪਹਿਲੀ ਆਵਾਜ਼ ਤੇ ਨਹੀਂ ਉਠ ਸਕਿਆ ਖਿਮਾਂ ਕਰੋ ।

ਗੁਰੂ ਜੀ ਉਨ੍ਹਾਂ ਨੂੰ ਨਾਲ ਵਾਲੇ ਤੰਬੂ ਵਿੱਚ ਲੈ ਗਏ, ਫਿਰ ਸੰਗਤ ਨੇ ਤਲਵਾਰ ਦਾ ਵਾਰ ਚਲਣ ਦੀ ਆਵਾਜ਼ ਸੁਣੀ । ਗੁਰੂ ਜੀ ਖ਼ੂਨ ਤੋਂ ਭਰੀ ਹੋਈ ਤਲਵਾਰ ਨਾਲ ਫਿਰ ਸਟੇਜ਼ ਤੇ ਆਏ ਤੇ ਕਿਹਾ । ਸਾਨੂੰ ਇੱਕ ਹੋਰ ਸ਼ੀਸ ਚਾਹੀਦਾ ਹੈ ।' ਹੁਣ ਤੀਕ ਸੰਗਤ ਸਮਝ ਗਈ ਸੀ ਕਿ ਇਹ ਤਾਂ ਜਾਨ ਦੇ ਦੇਣ ਦੀ ਗੱਲ ਹੈ । ਕੁਛ ਲੋਕ ਤਾਂ ਦੀਵਾਨ ਛੱਡ ਕੇ ਚਲੇ ਗਏ । ਦੂਜੀ ਵਾਰ ਭਾਈ ਧਰਮ ਚੰਦ, ਫਿਰ ਭਾਈ ਹਿੰਮਤ ਰਾਇ, ਭਾਈ ਮੋਹਕਮ ਚੰਦ ਜੀ, ਭਾਈ ਸਾਹਿਬ ਚੰਦ ਜੀ ਨੇ ਵਾਰੀ ਵਾਰੀ ਆਪਣਾ ਸ਼ੀਸ ਭੇਟ ਕੀਤਾ । ਤੇ ਇਹਨਾਂ ਨੂੰ ਗੁਰੂ ਜੀ ਨੇ ਆਪਣੀ ਅਧਿਆਤਮਿਕ ਸ਼ਕਤੀ ਨਾਲ ਮੁੜ ਸੁਰਜੀਤ ਕੀਤਾ ਨਵੇਂ ਬਸਤ੍ਰ ਸਜਾ ਕੇ ਪੰਜਾਂ ਕਕਾਰਾਂ ਦੇ ਨਾਲ ਸਜਾ ਕੇ, ਸਟੇਜ ਤੇ ਆਏ, ਅੰਮ੍ਰਿਤ ਤਿਆਰ ਕਰ ਕੇ ਇਹਨਾਂ ਨੂੰ ਅੰਮ੍ਰਿਤ ਛਕਾਇਆ ਤੇ 'ਖਾਲਸਾ' ਦੀ ਸਿਰਜਨਾ ਕੀਤੀ । ਇਹਨਾਂ ਦੇ ਨਾਮਾਂ ਨਾਲ ਸਿੰਘ ਸ਼ਬਦ ਲਾ ਕੇ ਇਹਨਾਂ ਦੇ ਨਾਮ ਰਖੇ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ । ਇਹ ਸਾਰੇ ਹੀ ਵੱਖ ਵੱਖ ਥਾਵਾਂ ਤੋਂ ਚੱਲ ਕੇ ਆਏ ਸਨ । ਇਸ ਤਰਹਾਂ ਗੁਰੂ ਜੀ ਨੇ ਸੰਨ ੧੬੯੯ ਵਾਲੀ ਵੈਸਾਖੀ ਨੂੰ ਇਹਨਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸੇ ਪੰਥ ਦੀ ਅਸਥਾਪਨਾ ਕੀਤੀ । ਫਿਰ ਇਹਨਾਂ ਨੂੰ 'ਪੰਜ ਪਿਆਰੇ' ਕਿਹਾ । ਇਹਨਾਂ ਤੋਂ ਗੁਰੂ ਜੀ ਨੇ ਆਪ ਅੰਮ੍ਰਿਤ ਛਕਿਆ ਤੇ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ (ਜੀ) ਬਣੇ । ਖਾਲਸੇ ਦੀ ਮਰਿਯਾਦਾ ਦੱਸੀ, ਪੁਰਸ਼ਾਂ ਲਈ 'ਸਿੰਘ' ਸ਼ਬਦ ਅਤੇ ਮਾਈਆਂ ਲਈ 'ਕੌਰ' ਸ਼ਬਦ ਨਾਮ ਤੇ ਅਖੀਰ ਵਿੱਚ ਲਗਾਉਣ ਦੀ ਮਰਿਯਾਦਾ ਆਰੰਭ ਹੋਈ। ਗੁਰੂ ਜੀ ਨੇ ਇਹਨਾਂ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛਕ ਕੇ ਅਧਿਆਤਮ ਜਗਤ ਵਿੱਚ 'ਆਪੇ ਗੁਰ ਚੇਲਾ' ਦੀ ਨਵੀਂ ਰੀਤ ਚਲਾਈ ।

ਉਸ ਸਮੇਂ ਤੋਂ ਪੰਜ ਪਿਆਰੇ ਗੁਰੂ ਜੀ ਦੇ ਨਾਲ ਹੀ ਰਹਿਣ ਲੱਗੇ । ਚਮਕੌਰ ਸਾਹਿਬ ਦੀ ਜੰਗ ਵਿੱਚ ਤਿੰਨ ਪਿਆਰੇ ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਜੀ ਸ਼ਹੀਦ ਹੋਏ । ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਗੁਰੂ ਜੀ ਦੇ ਨਾਲ ਹੀ ਰਹੇ । ਇਹ ਦੋਨੋਂ ਪਿਆਰੇ ਗੁਰੂ ਜੀ ਨਾਲ ਹੀ ਦੱਖਣ (ਨਾਂਦੇੜ) ਆਏ ਸਨ ਜੋ ਗੁਰੂ ਜੀ ਦੇ ਜੋਤੀ ਜੋਤ ਸਮਾਉਂਣ ਤੀਕ ਗੁਰੂ ਜੀ ਦੇ ਨਾਲ ਹੀ ਰਹੇ । ਗੁਰੂ ਜੀ ਦੇ ਜੋਤੀ ਜੋਤ (੭ ਅਕਤੂਬਰ ਸੰਨ ੧੭੦੮) ਸਮਾਉਣ ਉਪਰੰਤ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ, ਸ੍ਰੀ ਹਜ਼ੂਰ ਸਾਹਿਬ ਜੀ ਦੇ ਪਹਿਲੇ ਜੱਥੇਦਾਰ ਭਾਈ ਸੰਤੋਖ ਸਿੰਘ ਜੀ ਦੇ ਨਾਲ ਹੀ ਤਖ਼ਤ ਸਾਹਿਬ ਦੀ ਸੇਵਾ ਕਰਦੇ ਰਹੇ । ਇਹਨਾਂ ਦੇ ਨਾਲ ਹੀ ਆਈ ਸਿੱਖ ਵੀਰਾਂਗਨਾ ਮਾਤਾ ਭਾਗੋ ਜੀ ਨਾਂਦੇੜ ਤੋਂ ਬਿਦਰ ਚਲੇ ਗਏ, ਉਥੇ ਹੀ ਜਨਵਾੜੇ ਪਿੰਡ ਵਿੱਚ ਮਾਤਾ ਭਾਗੋ ਜੀ ਨੇ ਸਰੀਰ ਛੱਡਿਆ ।

ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਕਰਦੇ ਹੋਏ ਹੀ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਨੇ ਨਾਂਦੇੜ ਵਿੱਚ ਹੀ ਸਰੀਰ ਛੱਡਿਆ । ਦੋਵਾਂ ਦੇ ਅੰਗੀਠੇ ਤਖ਼ਤ ਸੱਚਖੰਡ ਸਾਹਿਬ ਦੀ ਬਾਹਰਲੀ ਪ੍ਰਕਰਮਾ ਵਿੱਚ ਹੀ ਬਣਾਏ ਹੋਏ ਹਨ ਨਾਲ ਹੀ ਮਾਤਾ ਭਾਗੋ ਜੀ ਦਾ ਬੁੰਗਾ ਵੀ ਹੈ । ਭਾਈ ਦਇਆ ਸਿੰਘ ਜੀ ਨੇ ਗੁਰੂ ਜੀ ਦੀ ਆਵਾਜ਼ ਤੇ ਆਪਣੇ ਜਾਨ ਕੁਰਬਾਨ ਕਰਨ ਲਈ ਆਪਣਾ ਸ਼ੀਸ ਭੇਟ ਕੀਤਾ ਸੀ । ਘੱਟੋ ਘੱਟ ਆਪਾਂ ਸਾਰੇ ਹੀ 'ਅੰਮ੍ਰਿਤ ਦੀ ਦਾਤ' ਪ੍ਰਾਪਤ ਕਰਕੇ ਗੁਰੂ ਵਾਲੇ ਬਣ ਜਾਈਐ, ਤੇ ਗੁਰੂ ਜੀ ਦੇ ਦੇਸ਼ ਸੁਰਖਰੂ ਹੋ ਕੇ ਜਾਣ ਦੇ ਜੋਗ ਹੋ ਜਾਈਐ ।

*–ਗਿ: ਅਵਤਾਰ ਸਿੰਘ ਸ਼ੀਤਲ*

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿਖੇ ਭੇਟਾਵਾਂ ਦੀ ਜਾਣਕਾਰੀ

| | |
|---|---|
| ❖ ਅਖੰਡ ਪਾਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੩੧੦੦/-ਰੁਪੈ |
| ❖ ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੪੧੦੦/-ਰੁਪੈ |
| ❖ ਸਪਤਾਹ ਪਾਠ ਸਾਹਿਬ ਜੀ | ੧੩੦੦/-ਰੁਪੈ |
| ❖ ਸਾਧਾਰਨ (ਸਹਿਜ) ਪਾਠ ਸਾਹਿਬ ਜੀ | ੧੧੦੦/-ਰੁਪੈ |
| **ਜੀਵਨ ਭਰ ਲਈ ਇਕੋ ਵਾਰ ਭਰੋ** | |
| ❖ ਅਖੰਡ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸਾਲ ਵਿੱਚ ਇਕ ਵਾਰ) | ੫੧੦੦੦/-ਰੁਪੈ |
| ❖ ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਜੀ (ਸਾਲ ਵਿੱਚ ਇਕ ਵਾਰ) | ੧੦੦੦੦੦/-ਰੁਪੈ |
| ❖ ਸਪਤਾਹ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸਾਲ ਵਿੱਚ ਇਕ ਵਾਰ) | ੫੧੦੦੦/-ਰੁਪੈ |
| ❖ ਸਾਧਾਰਨ (ਸਹਿਜ) ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸਾਲ ਵਿੱਚ ਇਕ ਵਾਰ) | ੫੧੦੦੦/-ਰੁਪੈ |
| **ਨਿਸ਼ਾਨ ਸਾਹਿਬ** | |
| ❖ ਵੱਡੇ ਨਿਸ਼ਾਨ ਸਾਹਿਬ ਦਾ ਚੋਲਾ | ੩੧੦੦/-ਰੁਪੈ |
| ❖ ਛੋਟੇ ਨਿਸ਼ਾਨ ਸਾਹਿਬ ਦਾ ਚੋਲਾ | ੨੫੦੦/-ਰੁਪੈ |
| **ਲੰਗਰ** | |
| ❖ ਸਾਦਾ ਲੰਗਰ ਇਕ ਦਿਨ (ਮੇਲਾ ਛੱਡ ਕੇ) | ੧੫੧੦੦/-ਰੁਪੈ |
| ❖ ਮਿੱਠਾ ਲੰਗਰ ਇਕ ਦਿਨ (ਮੇਲਾ ਛੱਡ ਕੇ) | ੨੫੧੦੦/-ਰੁਪੈ |
| ❖ ਸਾਦਾ ਲੰਗਰ ਇਕ ਦਿਨ ਮੇਲਾ ਛੱਡ ਕੇ (ਸਾਲ ਵਿਚ ਇਕ ਵਾਰ) | ੧੦੦੦੦੦/-ਰੁਪੈ |
| ❖ ਮਿੱਠਾ ਲੰਗਰ ਇਕ ਦਿਨ ਮੇਲਾ ਛੱਡ ਕੇ (ਸਾਲ ਵਿਚ ਇਕ ਵਾਰ) | ੧੫੦੦੦੦/-ਰੁਪੈ |
| **ਕੜਾਹ ਪ੍ਰਸ਼ਾਦਿ ਦੀ ਦੇਗ** | |
| ❖ ਰੋਜਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਇਕ ਮਹੀਨੇ ਲਈ | ੩੦੦/-ਰੁਪੈ |
| ❖ ਪੂਰੇ ਇਕ ਦਿਨ ਦੀ ਕੜਾਹ ਪ੍ਰਸ਼ਾਦਿ ਦੀ ਦੇਗ | ੭੧੦੦/-ਰੁਪੈ |
| ❖ ਰੋਜਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਇਕ ਸਾਲ ਲਈ | ੩੬੫੦/-ਰੁਪੈ |
| ❖ ਰੋਜਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਹਮੇਸ਼ਾ ਲਈ (ਇਕ ਵਾਰ ਭਰੋ) | ੩੬੦੦੦/-ਰੁਪੈ |
| ❖ ਪੂਰੇ ਇਕ ਦਿਨ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਗੁਰਪੁਰਬ ਮੇਲੇ ਆਦਿ ਸਮੇਂ | ੩੬੨੦੦/-ਰੁਪੈ |
| **ਰਿਹਾਇਸ਼ ਬਾਰੇ (ਗੁਰਦੁਆਰਾ ਸਾਹਿਬ ਪਰੀਸਰ ਕੰਪਲੈਕਸ** | |
| ❖ ਵੀ.ਵੀ.ਆਈ.ਪੀ. ਦੇ ਇਕ ਕਮਰੇ ਦੀ ਭੇਟਾ | ੧੧੦੦੦੦੦/-ਰੁਪੈ |
| ❖ ਗ੍ਰਾਊਂਡ ਅਤੇ ਫਸਟ ਫਲੋਰ ਦੇ ਇਕ ਕਮਰੇ ਦੀ ਭੇਟਾ | ੭੦੦੦੦੦/-ਰੁਪੈ |
| ❖ ਸੈਕਿੰਡ ਫਲੋਰ ਦੇ ਇੱਕ ਕਮਰੇ ਦੀ ਭੇਟਾ | ੫੦੦੦੦੦/-ਰੁਪੈ |
| ❖ ਐਨ.ਆਰ.ਆਈ. ਨਿਵਾਸ ਦੇ ਇੱਕ ਕਮਰੇ ਦੀ ਭੇਟਾ | ੩੫੧੦੦੦/-ਰੁਪੈ |
| ❖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਦੇ ਇੱਕ ਕਮਰੇ ਦੀ ਭੇਟਾ | ੫੦੦੦੦੦/-ਰੁਪੈ |
| **ਹਸਪਤਾਲ ਫੰਡ ਬਾਰੇ** | |
| ❖ ਦਸਮੇਸ਼ ਹਸਪਤਾਲ (ਲਾਈਫ ਮੈਂਬਰਸ਼ਿਪ) | ੫੧੦੦/-ਰੁਪੈ |
| **ਸੱਚਖੰਡ ਪੱਤਰ (ਮਾਸਕ)** | |
| ❖ ਸਾਲਾਨਾ ਚੰਦਾ (ਦੇਸ਼ ਲਈ) | ੨੦੦/-ਰੁਪੈ |
| ❖ ਸਾਲਾਨਾ ਚੰਦਾ (ਵਿਦੇਸ਼ ਲਈ ਹਵਾਈ ਡਾਕ ਰਾਹੀਂ) | ੧੦੦੦/-ਰੁਪੈ |

ਮਾਇਆ ਭੇਜਣ ਦਾ ਪਤਾ : **Superintendent**

Gurdwara Board, Takhat Sachkhand Sri Hazur
Abchalnagar Sahib, Nanded 431601 (Maharashtra) India.
Ph. 02462-241266. 240083, 234813, FaxNo.-02462-234812

E-mail:- contact@hazursahib.com Visit us at:- http://www.hazursahib.com.

ਨੋਟ : ਲੋਕਲ ਸਾਰੇ ਇਤਿਹਾਸਕ ਗੁਰਦੁਆਰੇ ਸਾਹਿਬਾਨ ਦੇ ਦਰਸ਼ਨਾਂ ਲਈ ਸਵੇਰੇ ੯.੦੦ ਵਜੇ ਗੇਟ ਨੰ: ੨ ਤੋਂ ਬੱਸ ਚਲਦੀ ਹੈ। ਪ੍ਰਤੀ ਯਾਤਰੀ ਟਿਕਟ ੭੫/-ਰੁਪੈ ਭੇਟਾ ਹੈ । ਲਿਖਾਰੀ ਕਾਊਂਟਰ ਤੇ ਟਿਕਟ ਬੁੱਕ ਕਰੋ ਜੀ ।

ੴ ਵਾਹਿਗੁਰੂ ਜੀ ਕੀ ਫਤਹਿ ।।

# ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ

ਸਮੂੰਹ ਸੰਗਤਾਂ ਦੇ ਗਿਆਤ ਲਈ ਦੱਸਿਆ ਜਾਂਦਾ ਹੈ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵੱਲੋਂ ਨਾਨਕ ਨਾਮ ਲੇਵਾ ਬਜ਼ੁਰਗਾਂ ਦੀ ਸਹੂਲਤ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ ਖੋਲ੍ਹਿਆ ਗਿਆ ਹੈ । ਦਾਖਲ ਹੋਣ ਵਾਲੇ ਬਿਰਧ ਦੀ ਉਮਰ 60 ਸਾਲ ਤੋਂ ਘੱਟ ਨਾ ਹੋਵੇ ਅਤੇ ਸਧਾਰਨ ਤੌਰ 'ਤੇ ਹਰ ਇੱਕ ਬਿਰਧ ਨਿਵਾਸੀ ਲਈ ਰਿਹਾਇਸ਼ ਅਤੇ ਲੰਗਰ ਪਾਣੀ ਆਦਿ ਹਿਤ ਇੱਕ ਮਹੀਨੇ ਦਾ ਖਰਚ 1000/- ਰੁਪੈ ਰੱਖਿਆ ਗਿਆ ਹੈ । ਇਸ ਤੋਂ ਇਲਾਵਾ 2000/- ਰੁਪੈ ਸਿਕਿਉਰਟੀ ਰੱਖੀ ਗਈ ਜੋ ਬਾਅਦ ਵਿੱਚ ਵਾਪਿਸ ਹੋ ਜਾਵੇਗੀ । ਫਿਰ ਵੀ, ਕਿਸੇ ਬੇਸਹਾਰਾ ਬਜ਼ੁਰਗ ਦੀ ਆਰਥਿਕ ਦਸ਼ਾ ਦੇਖਦੇ ਹੋਏ ਪ੍ਰਬੰਧਕਾਂ ਵੱਲੋਂ ਇਸ ਖਰਚੇ ਅਤੇ ਸਿਕਿਉਰਟੀ ਵਿੱਚ ਛੋਟ ਜਾਂ ਸਾਰੇ ਹੀ ਮਾਫ ਕੀਤੇ ਜਾ ਸਕਦੇ ਹਨ। ਬਿਰਧ ਆਸ਼ਰਮ ਦਾ ਅਸਲੀ ਮਕਸਦ ਲੋੜਵੰਦ ਬਜ਼ੁਰਗਾਂ ਦੀ ਸਹਾਇਤਾ ਕਰਨਾ ਹੈ । ਹਰ ਪ੍ਰਾਰਥੀ ਨੂੰ ਪਹਿਲਾਂ 6 (ਛੇ) ਮਹੀਨੇ ਰਹਿਣ ਦੀ ਆਗਿਆ ਹੋਵੇਗੀ, ਉਪਰੰਤ ਉਸ ਦੇ ਵਿਵਹਾਰ ਅਤੇ ਚਾਲ ਚਲਣ ਨੂੰ ਵੇਖਕੇ ਅੱਗੇ ਲਈ ਰਹਿਣ ਦੀ ਆਗਿਆ ਦਿਤੀ ਜਾਵੇਗੀ । ਸੰਗਤਾਂ ਲਾਭ ਉਠਾਉਣ ਜੀ । ਵਧੇਰੇ ਜਾਣਕਾਰੀ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ ਜੀ ।

ਸੁਪਰਡੈਂਟ

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ-431601 (ਮਹਾਰਾਸ਼ਟਰ)

---

## kind Attention-N.R.I. Sangat

The Sadh Sangat, specially the NRI-Sangat is hereby informed that we, on behalf of Gurdwara Takhat Sachkhand Sri Hazur Abchalnagar Sahib Nanded, have not sent any of our Employees, Officers, Gyani or any other Saint/Person to collect the donations for the Gurdwara Takhat Sachkhand Sri Hazur Abchalnagar Sahib, Nanded.

It is a request to the Sangat not to give their contributions to any such person who himself admits and shows any forged documents or photographs or Video Tapes/CDs to prove that he is being sent to collect the donations for the Gurdwara Takhat Sachkhand Sri Hazur Abchalnagar Sahib Board, Nanded.

Hence, I request the Sangat to send their Contributions/ Donations in favour of "*Superintendent Gurdwara Takhat Sachkhand Sri Hazur Abchalnagar Sahib, Nanded-431601 (M.S.) India*", by Cheque, Draft or M.O.

*Superintendent,*

*Gurdwara Takhat Sachkhand Sri Hazur*

*Abchalnagar Sahib , Nanded-431601 (M.S.) INDIA*

Ph.-(02462)-234813,243559,241266,244166. Fax No.-02462-234812.

**E-mail:- contact@hazursahib.com Visit us at:- http://www.hazursahib.com.**

# ਦਿੱਲੀ ਅਤੇ ਮੁੰਬਈ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ

## ਹਵਾਈ ਸੇਵਾ ਬਾਰੇ



ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ







ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ

ਗੁਰੂ ਪਿਆਰੀ ਸਾਧ ਸੰਗਤ ਜੀਓ,

*ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ ।।*

ਬੜੇ ਚਿਰਾਂ ਤੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਮੰਗ ਸੀ ਕਿ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨੂੰ ਦਿੱਲੀ-ਪੰਜਾਬ ਨਾਲ ਹਵਾਈ ਸੇਵਾ ਰਾਹੀਂ ਜੋੜਿਆ ਜਾਵੇ। ਆਪ ਜੀ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਸੰਗਤਾਂ ਦੀ ਇਹ ਚਿਰੋਕਣੀ ਮੰਗ ਹੁਣ ਮਾਨਯੋਗ ਡਾ. ਪਰਵਿੰਦਰ ਸਿੰਘ ਜੀ ਪਸਰੀਚਾ (ਸਾਬਕਾ ਡੀ.ਜੀ.ਪੀ. ਮਹਾਰਾਸ਼ਟਰ) ਪ੍ਰਸ਼ਾਸ਼ਕ ਗੁਰਦੁਆਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਸੁਹਿਰਦ ਯਤਨਾ ਸਦਕਾ ਪੂਰੀ ਹੋ ਗਈ ਹੈ । ਤੇ ਇਸੇ ਤਰ੍ਹਾਂ ਹੀ ਮੁੰਬਈ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਕਿੰਗਫਿਸ਼ਰ ਦੀ ਸਿੱਧੀ ਹਵਾਈ ਸੇਵਾ ਸ਼ੁਰੂ ਹੈ। ਇਨ੍ਹਾਂ ਦੋਵੇਂ ਫਲਾਈਟਸ ਦਾ ਟਾਈਮ ਟੇਬਲ ਹੇਠ ਲਿਖੇ ਅਨੁਸਾਰ ਹੈ । ਸੰਗਤਾਂ ਲਾਭ ਉਠਾਉਣ ਜੀ ।

| ਫਲਾਈਟ ਨੰਬਰ | ਰੂਟ | ਰਵਾਨਗੀ ਸਮਾਂ |
|---|---|---|
| G 8-212 | ਦਿੱਲੀ ਤੋਂ ਨਾਗਪੁਰ | 06.00 |
| G 8-212 | ਨਾਗਪੁਰ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ | 08.10 |
| G 8-212 | ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਮੁੰਬਈ-ਦਿੱਲੀ ✲ | 09.05 |
| | ✲ ਨੋਟ:- ਇਹੀ ਜਹਾਜ ਮੁੰਬਈ ਤੋਂ ਸਿੱਧਾ ਦਿੱਲੀ ਜਾਂਦਾ ਹੈ ਜੋ 12.45 ਦਿੱਲੀ ਪੁੱਜ ਜਾਂਦਾ ਹੈ । ਮੁੰਬਈ-ਦਿੱਲੀ ਫਲਾਈਟ ਨੰਬਰ G 8-334 ਹੈ । ਦਿੱਲੀ ਲਈ ਸਿੱਧਾ ਟਿਕਟ / ਬੋਰਡਿੰਗ ਪਾਸ ਹਜ਼ੂਰ ਸਾਹਿਬ ਨਾਂਦੇੜ ਤੋਂ ਮਿਲ ਜਾਂਦਾ ਹੈ । | |
| G 8-302 | ਮੁੰਬਈ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ | 19.35 |
| G 8-302 | ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਨਾਗਪੁਰ | 20.50 |
| G 8-302 | ਨਾਗਪੁਰ ਤੋਂ ਦਿੱਲੀ | 22.10 |

*ਨੋਟ : ਉਕਤ ਉਡਾਨਾਂ 'ਗੋ-ਏਅਰ ਇਨ' ਵੱਲੋਂ ਹਫਤੇ ਵਿੱਚ ਮੰਗਲਵਾਰ ਅਤੇ ਵੀਰਵਾਰ ਨੂੰ ਹਨ। ਵਧੇਰੇ ਜਾਣਕਾਰੀ ਲਈ 'ਗੋ-ਏਅਰ ਇਨ' ਦੇ ਫੋਨ ਨੰਬਰ 1800-222-111/09223-222-111 ਅਤੇ ਵੈਬਸਾਈਟ www.GoAir.in ਤੇ ਸੰਪਰਕ ਕਰੋ ਜੀ ।*

| ਫਲਾਈਟ ਨੰਬਰ | ਰੂਟ | ਰਵਾਨਗੀ ਸਮਾਂ |
|---|---|---|
| I T 4145 | ਮੁੰਬਈ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ | 11.40 |
| I T 4145 | ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਲਾਤੂਰ | 13.25 |
| I T 4145 | ਲਾਤੂਰ ਤੋਂ ਮੁੰਬਈ | 14.20 |

*ਨੋਟ : ਉਕਤ ਉਡਾਨਾਂ ਕਿੰਗਫਿਸ਼ਰ ਵਿਮਾਨ ਵੱਲੋਂ ਹਫਤੇ ਵਿੱਚ ਸੋਮਵਾਰ-ਬੁਧਵਾਰ-ਸ਼ੁਕਰਵਾਰ ਅਤੇ ਐਤਵਾਰ ਨੂੰ ਹਨ ।*

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਲਈ ਬੈਂਕ ਜਾਂ ATM ਰਾਹੀਂ ਸਿੱਧੇ ਮਾਇਆ ਭੇਜਣ ਬਾਰੇ ਸੂਚਨਾਂ

੧) ਦੇਸ਼ ਭਰ ਵਿਚੋਂ ਕਿਸੇ ਵੀ ਥਾਂ ਤੋਂ ਪੰਜਾਬ ਐਂਡ ਸਿੰਧ ਬੈਂਕ ਸ਼ਾਖਾ ਨਾਂਦੇੜ ਲਈ **Current Account No. 01** ਜਾਂ **Saving Account No. 85** ਵਿਚ ਸਿੱਧੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਲਈ ਮਾਇਆ ਜਮਾਂ ਕੀਤੀ ਜਾ ਸਕਦੀ ਹੈ । ਬੈਂਕ ਵਲੋਂ ਕਿਸੇ ਪ੍ਰਕਾਰ ਦਾ ਬੈਂਕ ਕਮਿਸ਼ਨ / ਚਾਰਜ ਨਹੀਂ ਲਿਆ ਜਾਂਦਾ।

੨) ਦੇਸ਼ ਭਰ ਦੇ ਪੰਜਾਬ ਨੈਸ਼ਨਲ ਬੈਂਕ ਦੀ ਕਿਸੇ ਵੀ ਸ਼ਾਖਾ ਵਿਚੋਂ **Saving Account No. 0367000100002416** ਵਿਚ ਆਪਣੀ ਮਾਇਆ ਜਮਾਂ ਕਰਵਾ ਸਕਦੇ ਹੋ।

੩) ਦੇਸ਼ ਭਰ ਦੇ ਸਟੇਟ ਬੈਂਕ ਦੇ ਕਿਸੇ ਵੀ **ATM** ਰਾਹੀਂ ਗੁਰਦੁਆਰਾ **Current Account No. 11265873563** ਵਿਚ ਮਾਇਆ ਜਮਾਂ ਕੀਤੀ ਜਾ ਸਕਦੀ ਹੈ ।

੪) ਵਿਦੇਸ਼ ਵਿਚ ਕਿਸੇ ਸਥਾਨਕ ਸਟੇਟ ਬੈਂਕ ਆਫ ਇੰਡੀਆ ਦੇ ਸ਼ਾਖਾ ਤੋਂ **Saving Account No. 11265876360** ਵਿਚ ਸਿੱਧੇ ਮਾਇਆ ਜਮਾਂ ਕੀਤੀ ਜਾ ਸਕਦੀ ਹੈ।

੫) ਇਸ ਤੋਂ ਇਲਾਵਾ **AXIS (UTI) Bank** ਵਲੋਂ **On Line Donation** ਭੇਜਣ ਦੀ ਸੁਵਿਧਾ ਦਿੱਤੀ ਗਈ ਹੈ । ਜਿਸ ਲਈ **www.hazursahib.com.** ਸਾਈਟ ਤੇ ਜਾ ਕੇ **On Line** ਮਾਇਆ ਭੇਜ ਸਕਦੇ ਹੋ ।

*ਵਿਸ਼ੇਸ਼ ਨੋਟ :*

- ਬੈਂਕ ਜਾਂ **ATM** ਰਾਹੀਂ ਮਾਇਆ ਜਮਾਂ ਕਰਵਾਉਣ ਤੋਂ ਬਾਅਦ ਬੈਂਕ/ਰਸੀਦ ਦੀ ਫੋਟੋ ਕਾਪੀ (ਜ਼ੇਰਾਕਸ) ਅਤੇ ਆਪਣਾ ਨਾਂ, ਪਤਾ, ਫੋਨ, ਮੋਬਾਇਲ ਨੰਬਰ ਆਦਿ ਜਾਣਕਾਰੀ ਸਹਿਤ ਪੱਤਰ ਤੁਰੰਤ ਭੇਜੋ ਜਾਂ ਫੈਕਸ ਨੰਬਰ **02462-234812** ਅਤੇ **E-Mail:contact@hazursahib.com** ਰਾਹੀਂ ਸੂਚਿਤ ਕਰੋ ਤਾਂ ਜੋ ਆਪ ਜੀ ਵਲੋਂ ਜਮਾਂ ਭੇਟਾ ਦੀ ਪੱਕੀ ਰਸੀਦ ਆਪ ਜੀ ਦੇ ਪੱਤੇ ਤੇ ਭੇਜੀ ਜਾ ਸਕੇ ।
- ਬੈਂਕ ਡਰਾਫਟ, ਚੈਕ **Superintendent, Gurdwara Sachkhand Board, Nanded(M.S)** ਦੇ ਨਾਮ ਦਾ ਬਣਾ ਕੇ ਹੇਠ ਲਿਖੇ ਪਤੇ ਉਪਰ ਭੇਜ ਸਕਦੇ ਹੋ ।
- ਚਿੱਠੀ ਪੱਤਰ ਲਈ ਪਤਾ ਅੰਗਰੇਜ਼ੀ ਵਿਚ ਅਤੇ ਕੈਪੀਟਲ ਅੱਖਰਾਂ ਵਿਚ ਹੀ ਲਿਖ ਕੇ ਭੇਜੋ ਜੀ।
- ਭੇਟਾ ਵਜੋਂ ਭੇਜੀ ਮਾਇਆ **Income Tax U/S.80G** ਤਹਿਤ ਟੈਕਸ ਮੁਕਤ ਹੈ ।

*ਵਧੇਰੇ ਜਾਣਕਾਰੀ ਲਈ ਸੰਪਰਕ ਪਤਾ :*


**Superintendent,**
**Gurdwara Takhat Sachkhand Sri Hazur**
**Abchal Nagar Sahib, Nanded-431601 (M.S.)-INDIA**
ਫੋਨ ਨੰ: 02462-243559, 241266, 244166, 234813, ਫੈਕਸ : 02462-234812
E-mail:- contact@hazursahib.com Visit us at:- http://www.hazursahib.com.

# *ਜਿਸੁ ਡਿੱਠੇ ਸਭਿ ਦੁਖ ਜਾਇ ॥*

*- ਸ੍ਰ: ਗੁਰਦੀਪ ਸਿੰਘ* ❋

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਮਨ ਤੇ ਤਨ ਦੇ ਰੋਗ ਦੂਰ ਕਰਨ ਵਾਲੀਆਂ ਸ਼ਕਤੀਆਂ ਨੂੰ ਅਨੁਭਵ ਕਰਦਿਆਂ ਹੀ ਸੰਗਤਾਂ ਵੱਲੋਂ ਨਿੱਤ ਅਰਦਾਸ ਵਿੱਚ ਇਹ ਸੱਚ ਦੁਹਰਾਇਆ ਜਾਂਦਾ ਹੈ *'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿੱਠੇ ਸਭਿ ਦੁਖ ਜਾਇ ॥'* ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ੭ ਜੁਲਾਈ ੧੬੫੬ ਈ: ਨੂੰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ । ਪੰਜ ਸਾਲ ਦੀ ਉਮਰ ਵਿੱਚ ਆਪ ਜੀ ਨੂੰ ਗੁਰੂ ਨਾਨਕ ਜੋਤਿ ਦੇ ਲਾਇਕ ਸਮਝ ਕੇ ਗੁਰਗੱਦੀ ਦੀ ਜ਼ਿਮੇਵਾਰੀ ਸੌਂਪੀ ਗਈ । ਭਾਵੇਂ ਉਮਰ ਪੰਜ ਸਾਲ ਦੀ ਹੀ ਸੀ ਪਰ ਜੋਤਿ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਸੀ । ਗੁਰੂ ਜੋਤਿ ਲਈ ਉਮਰ ਦੇ ਛੋਟੇ ਵੱਡੇ ਹੋਣ ਵਾਲੀ ਗੱਲ ਨਹੀਂ ਹੁੰਦੀ । ਜੋਤਿ ਦਾ ਪ੍ਰਕਾਸ਼ ਤਾਂ ਇੱਕਸਾਰ ਰਹਿੰਦਾ ਹੈ । ਜੋਤਿ ਕਾਰਨ ਗੁਰੂ ਹਰਿਕ੍ਰਿਸ਼ਨ ਜੀ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਸਨ। ਵਾਹਿਗੁਰੂ ਨੇ ਕੇਵਲ ਸਰੀਰ ਹੀ ਬਦਲਿਆ ਹੈ:-

*ਜੋਤਿ ਓਹਾ ਜੁਗਤਿ ਸਾਇ*
*ਸਹਿ ਕਾਇਆ ਫੇਰਿ ਪਲਟੀਐ ॥ (੯੬੬)*

ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਆਉਣ ਲਈ ਸੁਨੇਹਾ ਭੇਜਿਆ। ਗੁਰੂ ਜੀ ਨੇ ਸੰਗਤ ਦੀ ਸਹਿਮਤੀ ਨਾਲ ਵੱਡੇ ਸਾਹਿਬਜ਼ਾਦੇ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਫੈਸਲਾ ਕੀਤਾ । ਰਾਮ ਰਾਇ ਨੇ ਬਾਦਸ਼ਾਹ ਦੇ ਦਰਬਾਰ ਵਿੱਚ ਸ਼ਕਤੀ ਪ੍ਰਦਰਸ਼ਨ ਕਰਨੀ ਸ਼ੁਰੂ ਕਰ ਦਿਤੀ । ਉਸ ਨੇ ਕਰਾਮਾਤਾਂ ਵਿਖਾਉਣੀਆਂ ਸ਼ੁਰੂ ਕਰ ਦਿਤੀਆਂ । ਉਹ ਔਰੰਗਜ਼ੇਬ ਦੀ ਦੁਨਿਆਵੀ ਸ਼ਕਤੀ ਦੇ ਅਸਰ ਹੇਠ ਇਤਨਾ ਆ ਗਿਆ ਕਿ ਉਸ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਵੀ ਬਦਲਣ ਦੀ ਕੋਸ਼ਿਸ਼ ਕੀਤੀ ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਲਈ ਬਾਬਾ ਰਾਮ ਰਾਇ ਦਾ ਅਜਿਹਾ ਬਿਵਹਾਰ ਸਹਿਣ ਕਰਨਾ ਬਹੁਤ ਮੁਸ਼ਕਲ ਸੀ । ਇਸ ਕਰਕੇ ਉਹਨਾਂ ਨੇ ਉਸ ਦਾ ਤਿਆਗ ਕਰ ਦਿੱਤਾ । ਬਾਬਾ ਰਾਮ ਰਾਇ ਦਾ ਤਿਆਗ ਕਰਨ ਉਪਰੰਤ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਵਿੱਚ ਉਹ ਸਾਰੇ ਗੁਣ ਵੇਖੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਵਾਰਸ ਵਿੱਚ ਹੋਣੇ ਚਾਹੀਦੇ ਹਨ। ਉਹਨਾਂ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਉਹਨਾਂ ਦੀ ਬਾਲ ਅਵੱਸਥਾ ਵਿੱਚ ਹੀ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ ਦਿਤੀ ਤੇ ਆਪ ਜੋਤੀ ਜੋਤ ਸਮਾ ਗਏ ।

ਰੋਪੜ ਦਾ ਰਹਿਣ ਵਾਲਾ ਇੱਕ ਵਿਅਕਤੀ ਆਪਣੇ ਘਰ ਜੰਮਦੀ ਲੜਕੀ ਨੂੰ ਮਾਰ ਦਿੰਦਾ ਸੀ । ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਉਸਨੂੰ ਅਜਿਹਾ ਕੁਕਰਮ ਕਰਨ ਤੋਂ ਰੋਕਣ ਲਈ ਸੰਗਤਾਂ ਦੇ ਨਾਮ ਫਰਮਾਨ ਜਾਰੀ ਕੀਤਾ ਕਿ ਕੁੜੀਮਾਰ ਨਾਲ ਨਹੀਂ ਵਰਤਣਾ । ਜਿਸ ਤੇ ਉਸ ਨੇ ਮੁਆਫੀ ਮੰਗੀ ਤੇ ਗੁਰੂ ਜੀ ਨੇ ਉਸਨੂੰ ਬਖਸ਼ ਦਿੱਤਾ।

---

❋ *੩੦੨ ਕਿਦਵਾਈ ਨਗਰ, ਲੁਧਿਆਣਾ ।*

ਇਹ ਸਾਖੀ ਔਰਤ ਵਰਗ ਦਾ ਸਤਿਕਾਰ ਅਤੇ ਬਰਾਬਰੀ ਦੇ ਸਨਮਾਨ ਦੀ ਤਾਕੀਦ ਕਰਦੀ ਹੈ ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜਜੀਆ ਨਾਮ ਦੇ ਇੱਕ ਵਿਅਕਤੀ ਨੂੰ ਭਰੇ ਦੀਵਾਨ ਵਿੱਚ ਸੰਗਤਾਂ ਦੇ ਸਨਮੁੱਖ ਉਪਦੇਸ਼ ਦਿੰਦਿਆਂ ਕਿਹਾ ਕਿ ਜਿੰਨਾ ਚਿਰ ਉਹ ਜਗਤ-ਜੂਠ ਤਮਾਕੂ ਦਾ ਸੇਵਨ ਬੰਦ ਨਹੀ ਕਰਦਾ ਉਨਾਂ ਚਿਰ ਉਸ ਨੂੰ ਆਤਮਿਕ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ । ਇਹ ਸਾਖੀ ਨਸ਼ਿਆਂ ਤੋਂ ਬਚਣ ਦੀ ਪ੍ਰੇਰਨਾ ਦਿੰਦੀ ਹੈ ।

ਕਾਬਲ ਵੱਲੋਂ ਆ ਰਹੀ ਸੰਗਤ ਦੇ ਜੱਥੇ ਵਿੱਚ ਇੱਕ ਚੋਰ ਇਸ ਨੀਅਤ ਨਾਲ ਰਲ ਗਿਆ ਕਿ ਕੀਰਤਪੁਰ ਸਾਹਿਬ ਵਿਖੇ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ ਤੇ ਮੈਨੂੰ ਉਥੇ ਚੋਰੀ ਕਰਨ ਤੇ ਜੇਬ ਕੱਟਣ ਆਦਿ ਦੀ ਮੌਜ ਲੱਗੀ ਰਹੇਗੀ । ਪਰ ਜਦੋਂ ਉਹ ਪਹਿਲੇ ਦਿਨ ਜੱਥੇ ਨਾਲ ਸਤਿਗੁਰੂ ਜੀ ਦੇ ਦਰਬਾਰ ਵਿੱਚ ਆਇਆ ਤਾਂ ਸਤਿਗੁਰਾਂ ਨੇ ਉਸ ਵੱਲ ਮਿਹਰ ਭਰੀ ਨਜ਼ਰ ਨਾਲ ਤਕਦਿਆਂ ਗੁਰੂ-ਵਾਕ ਉਚਾਰਨ ਕੀਤਾ :-

*ਚੋਰ ਕੀ ਹਾਮਾ ਭਰੇ ਨ ਕੋਇ ॥*
*ਚੋਰੁ ਕੀਆ ਚੰਗਾ ਕਿਉ ਹੋਇ ॥ (੬੬੨)*

ਗੁਰੂ ਜੀ ਦੇ ਮੁਖਾਰਬਿੰਦ ਤੋਂ ਨਿਕਲੀ ਗੁਰਬਾਣੀ ਦਾ ਉਸਤੇ ਅਜਿਹਾ ਅਸਰ ਹੋਇਆ ਕਿ ਉਹ ਉਚੀ ਉਚੀ ਰੋਣ ਲੱਗ ਪਿਆ ਤੇ ਕਹਿਣ ਲੱਗਾ 'ਗੁਰੂ ਜੀ ਮੈਨੂੰ ਚੋਰੀ ਦੀ ਆਦਤ ਤੋਂ ਬਚਾਉ । ਮੈਂ ਚੋਰੀ ਕਰਕੇ ਪਾਪ ਦੀ ਖੱਟੀ ਕਰਦਾ ਆ ਰਿਹਾ ਹਾਂ । ਮੈਨੂੰ ਬਖਸ਼ ਲਵੋ, ਮੈਂ ਅਪਰਾਧੀ ਹਾਂ।' ਗੁਰੂ ਜੀ ਨੇ ਪਿਆਰ ਭਰੀ ਦ੍ਰਿਸ਼ਟੀ ਨਾਲ ਉਸ ਉਪਰ ਬਖਸ਼ਿਸ਼ ਕਰਦਿਆਂ ਉਸ ਨੂੰ ਅੱਗੇ ਤੋਂ ਅਜਿਹਾ ਨਾ ਕਰਨ ਅਤੇ ਸੇਵਾ-ਸਿਮਰਨ ਕਰਨ ਦਾ ਸ਼ੁਭ ਉਪਦੇਸ਼ ਦਿਤਾ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਚੋਰੀ ਅਤੇ ਮਾੜੇ ਕਰਮਾਂ ਤੋਂ ਬਚ ਕੇ ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਕਰਦਿਆਂ ਮਨੁੱਖਾ ਜੀਵਨ ਸਫਲਾ ਬਣਾਉਣਾ ਚਾਹੀਦਾ ਹੈ ।

ਗੁਰੂ ਸਾਹਿਬ ਨੇ ਗੌਂਦਾ ਨਾਮ ਦੇ ਇੱਕ ਵਿਅਕਤੀ ਨੂੰ ਸ਼ਰਾਬ ਤੇ ਜੂਏ ਦੀ ਭੈੜੀ ਇਲਤ ਤੋਂ ਛੁਟਕਾਰਾ ਦਿਵਾਉਂਦਿਆਂ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ 'ਗੁਰੂ ਦੇ ਸਿੱਖਾਂ ਨੂੰ ਕਦੇ ਵੀ ਸ਼ਰਾਬ ਨਹੀਂ ਪੀਣੀ ਚਾਹੀਦੀ । ਗੁਰਬਾਣੀ ਫੁਰਮਾਨ ਕਰਦੀ ਹੈ -

*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ (੫੫੪)*

ਨਸ਼ਿਆਂ ਦਾ ਸੇਵਨ ਮਨੁੱਖ ਦੇ ਤਨ ਨੂੰ ਹੀ ਨਹੀਂ ਖੋਰਦਾ ਸਗੋਂ ਮਨ ਉਤੇ ਵੀ ਭੈੜਾ ਅਸਰ ਪਾਉਂਦਾ ਹੈ । ਮਾਨਵ ਦਾ ਆਪਣੇ ਮਨ ਅਤੇ ਤਨ ਉਤੋਂ ਕਾਬੂ ਖਤਮ ਹੋ ਜਾਂਦਾ ਹੈ । ਉਹ ਨਸ਼ਿਆਂ ਦਾ ਗੁਲਾਮ ਹੋ ਕੇ ਆਪਣੇ ਆਪ ਨੂੰ ਅਤੇ ਆਪਣੇ ਘਰ ਨੂੰ ਤਬਾਹ ਕਰ ਲੈਂਦਾ ਹੈ । ਆਤਮਾ ਮਲੀਨ ਹੋ ਜਾਂਦੀ ਹੈ । ਇਜ਼ਤ ਖਤਮ ਹੋ ਜਾਂਦੀ ਹੈ। ਜੂਆ ਮਨੁੱਖ ਦੀ ਮੱਤ ਮਾਰ ਦਿੰਦਾ ਹੈ । ਜੂਆ, ਸ਼ਰਾਬ ਅਤੇ ਹੋਰ ਨਸ਼ੇ ਬੁਰੀਆਂ ਆਦਤਾਂ ਹਨ । ਇਸ ਨਾਲ ਇਨਸਾਨ ਕੇਵਲ ਦੁਨਿਆਵੀ ਰਿਸ਼ਤਿਆਂ ਤੋਂ ਹੀ ਦੂਰ ਨਹੀਂ ਹੁੰਦਾ, ਇਹ ਪ੍ਰਭੂ ਤੋਂ ਵੀ ਵਿਛੋੜੇ ਦਾ ਕਾਰਨ ਬਣਦੀਆਂ ਹਨ ।

ਔਰੰਗਜ਼ੇਬ, ਰਾਜਾ ਜੈ ਸਿੰਘ ਦੀ ਮਦਦ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਬੁਲਾਉਣਾ ਚਾਹੁੰਦਾ ਸੀ । ਸੰਗਤਾਂ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਬੇਤਾਬ ਸਨ । ਸੰਗਤਾਂ ਦੇ ਸਨੇਹ ਅਨੁਸਾਰ ਗੁਰੂ ਸਾਹਿਬ ਨੇ ਫੈਸਲਾ ਕੀਤਾ ਕਿ ਦਿੱਲੀ ਤਾਂ ਜ਼ਰੂਰ ਜਾਣਾ ਹੈ ਪਰ ਔਰੰਗਜ਼ੇਬ ਦੇ ਮੱਥੇ

ਨਹੀਂ ਲੱਗਣਾ । ਦਿੱਲੀ ਜਾਂਦਿਆਂ ਆਪ ਨੇ ਰਸਤੇ ਵਿੱਚ ਪੰਜੋਖਰੇ ਵਿੱਚ ਡੇਰੇ ਲਾਏ। ਇੱਥੋਂ ਦੇ ਇੱਕ ਪੰਡਿਤ (ਜਿਸ ਨੂੰ ਆਪਣੀ ਵਿਦਿਆ ਦਾ ਬਹੁਤ ਹੰਕਾਰ ਸੀ) ਨੇ ਜਦੋਂ ਗੁਰੂ ਜੀ ਦਾ ਨਾਮ 'ਹਰਿਕ੍ਰਿਸ਼ਨ' ਸੁਣਿਆ ਤਾਂ ਈਰਖਾ ਦੀ ਅੱਗ ਨਾਲ ਸੜਦੇ ਕਿਹਾ ਕਿ ਕਲਜੁਗ ਵਿੱਚ ਕਿਹੜਾ ਹੈ ਜੋ ਹਰਿਕ੍ਰਿਸ਼ਨ ਕਰਕੇ ਅਖਵਾਉਂਦਾ ਹੈ ? ਉਸ ਨੇ ਗੁਰੂ ਸਾਹਿਬ ਤੋਂ ਭਗਵਤ ਗੀਤਾ ਸਬੰਧੀ ਪ੍ਰਸ਼ਨ ਪੁੱਛੇ । ਗੁਰੂ ਸਾਹਿਬ ਨੇ ਪੰਡਿਤ ਲਾਲ ਚੰਦ ਨੂੰ ਕਿਹਾ, 'ਤੁਸੀਂ ਇੰਜ ਕਰੋ ਕਿ ਨਗਰ ਵਿਚੋਂ ਜਿਸ ਨੂੰ ਮਰਜ਼ੀ ਬੁਲਾ ਲਿਆਉ । ਉਹ ਤੁਹਾਡੀ ਹਰ ਗੱਲ ਦਾ ਜਵਾਬ ਦੇਵੇਗਾ।' ਪੰਡਿਤ ਲਾਲ ਚੰਦ, ਛੱਜੂ ਝੀਵਰ ਨੂੰ ਗੁਰੂ ਸਾਹਿਬ ਕੋਲ ਲੈ ਆਇਆ ਜੋ ਉਸ ਮੁਤਾਬਕ ਮਹਾਂ ਮੂਰਖ ਤੇ ਸਿੱਧੜ ਸੀ । ਗੁਰੂ ਸਾਹਿਬ ਨੇ ਛੱਜੂ ਝਿਉਰ ਦੇ ਸਿਰ ਉਤੇ ਛੜੀ ਰਖੀ ਅਤੇ ਸ਼ੰਕਾਲੂਆਂ ਤੇ ਪੰਡਿਤ ਲਾਲ ਚੰਦ ਨੂੰ ਕਿਹਾ ਕਿ ਉਹ ਇਸ ਝਿਉਰ ਪਾਸੋਂ ਭਗਵਤ ਗੀਤਾ ਬਾਰੇ ਪ੍ਰਸ਼ਨ ਪੁੱਛ ਸਕਦੇ ਹਨ । ਜਦੋਂ ਉਸ ਅਨਪੜ ਛੱਜੂ ਝਿਉਰ ਪਾਸੋਂ ਗੀਤਾ ਦਾ ਗਿਆਨ ਸੁਣਿਆ ਤਾਂ ਪੰਡਿਤ, ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਢੇਰੀ ਹੋ ਗਿਆ ।

ਪੰਜੋਖਰੇ ਤੋਂ ਉਪਰੰਤ ਗੁਰੂ ਸਾਹਿਬ ਦਿੱਲੀ ਪਹੁੰਚੇ । ਰਾਜਾ ਜੈ ਸਿੰਘ ਨੇ ਆਪ ਦਾ ਸ਼ਾਹੀ ਢੰਗ ਨਾਲ ਸਵਾਗਤ ਕੀਤਾ ਅਤੇ ਆਪਣੇ ਮਹਿਲ ਗੁਰੂ ਸਾਹਿਬ ਨੂੰ ਠਹਿਰਾਇਆ। ਦੀਵਾਨ ਦਰਗਹ ਮੱਲ, ਭਾਈ ਗੁਰਦਿੱਤਾ ਤੇ ਭਾਈ ਮਤੀਦਾਸ ਅਤੇ ਮਾਤਾ ਜੀ ਗੁਰੂ ਸਾਹਿਬ ਦੇ ਨਾਲ ਸਨ ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰਨ ਨਾਲ ਹੀ ਰੋਗੀਆਂ ਦੇ ਰੋਗ ਕੱਟੇ ਜਾਂਦੇ ਸਨ ਅਤੇ ਦੁਖੀਆਂ ਨੂੰ ਸੁੱਖ ਆਰਾਮ ਮਿਲਦਾ ਸੀ । ਆਪ ਜੀ ਦੀ ਕ੍ਰਿਪਾ ਦ੍ਰਿਸ਼ਟੀ ਅਤੇ ਚਰਨਾਮ੍ਰਿਤ ਨਾਲ ਬੀਮਾਰ ਨਵਾਂ ਜੀਵਨ ਪ੍ਰਾਪਤ ਕਰਨ ਲੱਗੇ ਅਤੇ ਅਰੋਗ ਹੋ ਕੇ ਘਰ ਪਰਤਣ ਲੱਗੇ । ਜਿਉਂ ਜਿਉਂ ਇਹ ਗਲ ਹੋਰ ਲੋਕਾਂ ਤੱਕ ਪੁੱਜੀ ਤਿਉਂ ਤਿਉਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲਿਆਂ ਦੀ ਗਿਣਤੀ ਵਧਣ ਲੱਗ ਪਈ । ਇਹ ਵੇਖ ਕੇ ਗੁਰੂ ਸਾਹਿਬ ਨੇ ਬੰਗਲੇ ਦੇ ਸਾਹਮਣੇ ਇੱਕ ਚੁਬੱਚਾ ਬਣਵਾਇਆ ਅਤੇ ਉਸ ਦੇ ਜਲ ਨੂੰ ਆਪਣੇ ਚਰਨਾਂ ਦੀ ਛੋਹ ਦੇ ਕੇ ਸਦੀਵੀ ਆਰੋਗਦਾਇਕ ਸ਼ਕਤੀ ਬਖਸ਼ ਦਿੱਤੀ ਜਿਸ ਤੋਂ ਅੱਜ ਤੱਕ ਅਨੇਕਾਂ ਲੋਕੀਂ ਤਨ ਤੇ ਮਨ ਦੀ ਆਰੋਗਤਾ ਪ੍ਰਾਪਤ ਕਰ ਰਹੇ ਹਨ । ਅਰੋਗਤਾ ਪ੍ਰਾਪਤ ਕਰਨ ਵਾਲਿਆਂ ਵਿੱਚ ਕੇਵਲ ਸਿੱਖ ਹੀ ਨਹੀਂ ਸਗੋਂ ਹਿੰਦੂ, ਮੁਸਲਮਾਨ ਤੇ ਹੋਰ ਧਰਮ ਦੇ ਲੋਕੀਂ ਵੀ ਵੱਡੀ ਗਿਣਤੀ ਵਿੱਚ ਹੁੰਦੇ ਹਨ ।

ਰਾਜਾ ਜੈ ਸਿੰਘ ਨੇ ਇਹ ਬੰਗਲਾ ਗੁਰੂ ਸਾਹਿਬ ਦੀ ਪਵਿੱਤਰ ਯਾਦ ਲਈ ਸਮੱਰਪਣ ਕਰ ਦਿੱਤਾ ਜੋ ਅੱਜ ਗੁਰਦੁਆਰਾ ਬੰਗਲਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ।

ਦਿੱਲੀ ਵਿੱਚ ਉਹਨਾਂ ਦਿਨਾਂ ਵਿੱਚ ਚੇਚਕ ਫੈਲੀ ਹੋਈ ਸੀ । ਗੁਰੂ ਸਾਹਿਬ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਆਰੋਗ ਹੋਣ ਵਾਲਿਆਂ ਦੀ ਗਿਣਤੀ ਦਿਨ-ਬਦਿਨ ਵਧਣ ਲੱਗ ਪਈ ਅਤੇ ਹੈਜੇ ਤੇ ਚੇਚਕ ਦੀ ਮਹਾਮਾਰੀ ਖਤਮ ਹੋਣ ਲੱਗੀ । ਲੋਕਾਂ ਦੀ ਸੇਵਾ ਕਰਦਿਆਂ ਉਹਨਾਂ ਨੂੰ ਅਰੋਗਤਾ ਬਖਸ਼ਦਿਆਂ ਹੋਇਆਂ ਹੀ ਗੁਰੂ ਸਾਹਿਬ ਨੂੰ ਇੱਕ ਦਿਨ ਬੁਖਾਰ ਚੜ੍ਹ ਗਿਆ ਅਤੇ ਅਹਿਸਤਾ- ਅਹਿਸਤਾ ਚੇਚਕ ਜ਼ੋਰ ਪਕੜਨ ਲਗ ਪਈ । ਅੰਤ ਆਪ 'ਬਾਬਾ ਬਕਾਲੇ' ਦਾ ਆਦੇਸ਼ ਦੇ ਕੇ ਦਿੱਲੀ ਵਿੱਚ ਹੀ ਜੋਤੀ ਜੋਤ ਸਮਾ ਗਏ । ਜਿਸ ਅਸਥਾਨ ਤੇ ਜਮਨਾ ਕਿਨਾਰੇ ਆਪ ਦਾ ਸਸਕਾਰ ਕੀਤਾ ਗਿਆ ਉਸ ਅਸਥਾਨ ਤੇ

ਗੁਰਦੁਆਰਾ ਬਾਲਾ ਸਾਹਿਬ ਸਥਿਤ ਹੈ। ਜਮਨਾ ਨਦੀ ਸਮੇਂ ਦੇ ਨਾਲ ਨਾਲ ਆਪਣਾ ਰਸਤਾ ਬਦਲਦੀ ਉਥੋਂ ਬਹੁਤ ਦੂਰ ਚਲੀ ਗਈ ਹੋਈ ਹੈ। ਭਾਈ ਨੰਦ ਲਾਲ ਜੀ ਗੋਯਾ ਨੇ ਫਾਰਸੀ ਵਿੱਚ ਬਿਆਨ ਕੀਤਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਮਿਹਰਾਂ ਦੇ ਭੰਡਾਰ ਸਨ । ਅਕਾਲ ਪੁਰਖ ਨੇ ਆਪਣੇ ਖਾਸ ਪਿਆਰਿਆਂ ਵਾਂਗ ਇਹਨਾਂ ਤੇ ਬਖਸ਼ਿਸ਼ਾਂ ਅਤੇ ਮਿਹਰਾਂ ਕੀਤੀਆਂ ਹਨ । ਆਪ ਦਾ ਸਾਰਾ ਵਜੂਦ ਹੀ ਰੱਬੀ ਬਖਸ਼ਿਸ਼ਾਂ ਤੇ ਮਿਹਰਾਂ ਦਾ ਹੈ । ਉਹਨਾਂ ਦੀਆਂ ਬਖਸ਼ਿਸ਼ਾਂ ਤੇ ਮਿਹਰਾਂ ਲੋਕ ਤਾਂਘਦੇ ਹਨ । ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨ ਕਰਨ ਨਾਲ ਹੀ ਰੋਗੀਆਂ ਦੇ ਰੋਗ ਕੱਟੇ ਜਾਂਦੇ ਹਨ ਤੇ ਦੁਖੀਆਂ ਨੂੰ ਸੁਖ ਆਰਾਮ ਮਿਲਦਾ ਸੀ –

*ਗੁਰੂ ਹਰਿ ਕ੍ਰਿਸ਼ਨ ਆਂ ਹਮਾਂ ਫਜਲੋ ਜੂਦ ॥*
*ਹਕਸ਼ ਅਜ ਹਮਾਂ ਖਸਗਾ ਬਰ ਸਤੂਦ ॥*
*ਮਿਆਨਿ ਹਕ ਵਉ ਫਸਾਲ-ਉਲ-ਵਰੱਕ ॥*
*ਵਜੂਦਸ਼ ਹਮਾ ਫਸਲੋ ਅਫਜਾਲਿ ਹੱਕ ॥*
*ਹਮਾ ਸਾਇਲਿ ਲੁਤਫਿ ਹਕ ਪਰਵਰਸ਼ ॥*
*ਜ਼ਮੀਨੋ ਜ਼ਮਾ ਜੁਮਲਾ ਫਰਮਾ ਬਰਸ਼ ॥*
*ਤੁਫੈਲਸ ਦੂ ਆਲਮ ਬਵਦ ਕਾਮਯਾਬ ॥*
*ਅਜੋ ਗਸ਼ਤਾ ਹਰ ਜਰੱਰਾ ਖੁਰਸ਼ੈਦ ਤਾਬ ॥*
*ਹਮਾ ਖ਼ਾਸ ਗਾਂ ਰਾ ਕਫਿ ਅਸਮਤਸ਼ ॥*
*ਸਰਾ ਤਾ ਸਮਾ ਜੁਮਲਾ ਫਰਮਾਂ ਬਰਸ਼ ॥*
*(ਤੋਸੀਫੋ ਸਨਾ)*

+++

## ਸੱਚਖੰਡ ਪੱਤਰ ਦੀਆਂ ਨਵੀਆਂ ਭੇਟਾਵਾਂ

ਸੱਚਖੰਡ ਪੱਤਰ ਦੇ ਸਮੂਹ ਪਾਠਕਾਂ ਪ੍ਰਤੀ ਸਨਿਮ੍ਰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਮਿਤੀ **1-4-2010** ਤੋਂ ਸੱਚਖੰਡ ਪੱਤਰ ਦਾ ਸਲਾਨਾ ਚੰਦਾ ਹੇਠ ਲਿਖੇ ਅਨੁਸਾਰ ਨੀਯਤ ਕੀਤਾ ਗਿਆ ਹੈ । ਕਿਰਪਾ ਕਰਕੇ ਸਹਿਯੋਗ ਦੇਣਾ ਜੀ :

੧) ਸਾਲਾਨਾ ਚੰਦਾ (ਦੇਸ਼ ਲਈ) = **200/-** ਰੁਪੈ

੨) ਸਾਲਾਨਾ ਚੰਦਾ (ਵਿਦੇਸ਼ ਲਈ ਹਵਾਈ ਡਾਕ ਰਾਹੀਂ) = **1000/-** ਰੁਪੈ

ਨੋਟ : ਸੱਚਖੰਡ ਪੱਤਰ ਦਾ ਸਲਾਨਾਂ ਮੈਂਬਰਸ਼ਿਪ ਲਈ ਚੰਦਾ ਲਿਆ ਜਾਂਦਾ, ਜੀਵਨ ਭਰ ਮੈਂਬਰਸ਼ਿਪ ਲਈ ਚੰਦਾ ਨਹੀਂ ਲਿਆ ਜਾਂਦਾ । ਵਿਦੇਸ਼ਾਂ ਲਈ ਸਮੁੰਦਰੀ ਡਾਕ ਰਾਹੀਂ ਸੱਚਖੰਡ ਪੱਤਰ ਨਹੀਂ ਭੇਜਿਆ ਜਾਂਦਾ, ਕੇਵਲ ਹਵਾਈ ਡਾਕ ਰਾਹੀਂ ਮੰਗਵਾਉਣ ਦੇ ਇਛੁਕ ਪਾਠਕਾਂ ਪਾਸੋਂ ਹੀ ਚੰਦਾ ਲਿਆ ਜਾਂਦਾ ਹੈ

-: ਚੰਦਾ ਭੇਜਣ ਦਾ ਪਤਾ :-

**Superintendent,**
**Gurdwara Takhat Sachkhand Sri Hazur**
**Abchal Nagar Sahib, Nanded-431601 (M.S.)-INDIA**
ਫੋਨ ਨੰ: 02462-243559, 241266, 244166, 234813, ਫੈਕਸ : 02462-234812

# ਗੁਰੂ ਸਾਹਿਬਾਨ ਨੇ ਭਾਰਤ ਦੇ 'ਬਹੁ-ਧਰਮੀ' ਸਰੂਪ ਨੂੰ ਬਚਾਇਆ

*- ਮ੍ਰ: ਹਰਬੀਰ ਸਿੰਘ ਭੰਵਰ ❋*

ਭਾਰਤ ਅੱਜ ਇੱਕ ਧਰਮ-ਨਿਰਪੇਖ ਦੇਸ਼ ਹੈ । ਇਹ ਇੱਕ ਬਹੁ-ਕੌਮੀ, ਬਹੁ-ਧਰਮੀ ਤੇ ਬਹੁ-ਭਾਸ਼ਾਈ ਦੇਸ਼ ਹੈ । ਗੁਰੂ ਸਾਹਿਬਾਨ 'ਜਗਤ ਜਲੰਦੇ' ਨੂੰ ਤਾਰਨ ਲਈ ਅਵਤਾਰ ਨਾ ਧਾਰਦੇ ਤਾਂ ਇਸ ਦਾ ਭੂਗੋਲਿਕ, ਇਤਿਹਾਸਿਕ, ਧਾਰਮਿਕ, ਸਮਾਜਿਕ ਤੇ ਸਭਿਆਚਾਰਕ ਨਕਸ਼ਾ ਹੋਰ ਹੀ ਹੋਣਾ ਸੀ। ਮੌਜੂਦਾ ਭਾਰਤ ਹੀ ਕਿਉਂ ਇਸ ਭਾਰਤੀ ਉਪ-ਮਹਾਂਦੀਪ ਜਿਸ ਵਿੱਚ ਪਾਕਿਸਤਾਨ ਅਤੇ ਬੰਗਲਾ ਦੇਸ਼ ਵੀ ਸ਼ਾਮਿਲ ਹਨ, ਵੀ ਸ਼ਾਇਦ ਅੱਜ ਵਰਗੇ ਨਾ ਹੁੰਦੇ । ਗੁਰੂ ਸਾਹਿਬਾਨ ਦਾ ਲੋਕਾਂ ਨੂੰ ਇੱਕ ਸਿੱਧਾ ਸਾਦਾ, ਸੱਚਾ ਸੁੱਚਾ, ਹੱਥੀਂ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਵਾਲੇ ਨੇਕ ਤੇ ਪਰਉਪਕਾਰੀ ਜ਼ਿੰਦਗੀ ਬਿਤਾਉਣ ਦਾ ਮਾਰਗ ਦਰਸ਼ਨ ਕਰਨ ਤੋਂ ਬਿਨਾਂ ਮਨੁੱਖੀ ਅਧਿਕਾਰਾਂ, ਧਰਮ, ਨਿਤਾਣੇ ਤੇ ਮਜ਼ਲੂਮ ਦੀ ਰਖਿਆ, ਜ਼ੁਲਮ ਤਸ਼ੱਦਦ ਤੇ ਅਨਿਆਏ ਵਿਰੁੱਧ ਲੜਣ ਦਾ ਇਤਨਾ ਅਹਿਮ ਯੋਗਦਾਨ ਹੈ ਅਤੇ ਇਸ ਦੇ ਬਹੁ-ਧਰਮੀ ਚਰਿੱਤਰ ਨੂੰ ਕਾਇਮ ਰੱਖਣ ਅਤੇ ਪ੍ਰਾਚੀਨ ਭਾਰਤ ਦੀ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤੀ ਬਚਾਉਣ ਖਾਤਰ ਇਤਨੀਆਂ ਕੁਰਬਾਨੀਆਂ ਕੀਤੀਆਂ ਹਨ ਕਿ ਦੇਸ਼ ਵਾਸੀ ਕਦੀ ਇਸ ਦਾ ਅਹਿਸਾਨ ਨਹੀਂ ਚੁਕਾ ਸਕਦੇ । ਉਨ੍ਹਾਂ ਭਾਰਤ ਜਿਸ ਨੂੰ ਗੁਰੂ ਸਾਹਿਬਾਨ ਦੇ ਸਮੇਂ ਹਿੰਦੁਸਤਾਨ ਕਿਹਾ ਜਾਂਦਾ ਸੀ, ਨੂੰ ਇਰਾਨ, ਅਫਗਾਨਿਸਤਾਨ ਤੇ ਕਈ ਹੋਰ ਏਸ਼ਿਆਈ ਦੇਸ਼ਾਂ ਵਾਂਗ ਇਸਲਾਮੀ ਦੇਸ਼ ਹੋਣ ਤੋਂ ਬਚਾਇਆ ।

ਇਹ ਇੱਕ ਹਕੀਕਤ ਹੈ ਕਿ ਹਿੰਦੁਸਤਾਨ ਦੇ ਮੂਲਵਾਸੀ ਤਾਂ ਕਬਾਇਲੀ ਲੋਕ ਹਨ । ਆਰੀਆ ਲੋਕ ਯੂਨਾਨ ਤੇ ਈਰਾਨ ਵਾਲੇ ਪੱਛਮੀ ਪਾਸੇ ਤੋਂ ਹਿੰਦੁਸਤਾਨ ਆਏ । ਸਮਰਾਟ ਅਸ਼ੋਕ ਨੇ ਬੁੱਧ ਧਰਮ ਦਾ ਇਤਨਾ ਪ੍ਰਚਾਰ ਕੀਤਾ ਸੀ ਕਿ ਹਿੰਦੁਸਤਾਨ ਤੋਂ ਬਿਨਾ ਕਈ ਏਸ਼ਿਆਈ ਦੇਸ਼ਾਂ ਜਿਨ੍ਹਾਂ ਵਿੱਚ ਅਫਗਾਨਿਸਤਾਨ, ਉਜ਼ਬੇਕਿਸਤਾਨ, ਚੀਨ, ਥਾਈਲੈਂਡ, ਜਾਪਾਨ, ਸ੍ਰੀ ਲੰਕਾ ਵਰਗੇ ਅਨੇਕ ਦੇਸ਼ ਸ਼ਾਮਿਲ ਹਨ, ਵਿੱਚ ਬੁੱਧ ਧਰਮ ਨੇ ਪੈਰ ਮਜ਼ਬੂਤ ਜੰਮਾ ਲਏ ਸਨ । ਅਫਗਾਨਿਸਤਾਨ ਵਿੱਚ ਬਾਮੀਆਂ ਵਿਖੇ ਬੁੱਧ ਧਰਮ ਦੀ ਸਭ ਤੋਂ ਵੱਡੀ ਮੂਰਤੀ ਤਾਲਿਬਾਨ ਨੇ ਥੋੜੇ ਸਾਲ ਪਹਿਲਾਂ ਹੀ ਢਹਿ ਢੇਰੀ ਕੀਤੀ ਹੈ। ਇਨ੍ਹਾਂ ਸਾਰੇ ਦੇਸ਼ਾਂ ਵਿੱਚ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾਇਆ ਗਿਆ ਹੈ।

ਇਸ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਦੇ ਹਿੰਦੁਸਤਾਨ ਦੀ ਸਥਿਤੀ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ । ਇਸ ਬਾਰੇ ਵੀ ਸਿੱਖ ਵਿਦਵਾਨਾਂ ਦੀ ਥਾਂ ਇੱਕ ਆਰੀਆ ਸਮਾਜੀ ਵਿਦਵਾਨ ਲਾਲਾ ਦੌਲਤ ਰਾਏ ਦੀ ਖੋਜ ਭਰਪੂਰ ਪੁਸਤਕ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ' ਦੇ ਹਵਾਲੇ ਨਾਲ ਗੱਲ ਕਰਾਂਗੇ । ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਸਮੇਂ ਰੱਖੀ। ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਤੋਂ

---

*❋ ੧੯੪-ਸੀ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ (ਪੰਜਾਬ)*

ਲਗਭਗ ੩੫੦ ਵਰ੍ਹੇ ਪਹਿਲਾਂ ਹੀ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕੇ ਇਸਲਾਮੀ ਹਕੂਮਤ ਅਧੀਨ ਆ ਚੁੱਕੇ ਸਨ । ਮੁਸਲਮਾਨਾਂ ਨੂੰ ਕਿਹੜੀਆਂ ਗੱਲਾਂ ਨੇ ਸੋਨੇ ਦੀ ਚਿੜੀ ਕਹੇ ਜਾਣ ਵਾਲੇ ਹਿੰਦੁਸਤਾਨ ਵਿੱਚ ਆਉਣ ਲਈ ਪ੍ਰੇਰਿਆ ਦਾ ਜ਼ਿਕਰ ਕਰਦਿਆਂ ਉਹ ਜ਼ਾਤ ਪਾਤ ਤੇ ਊਚ ਨੀਚ ਦੇ ਵਖਰੇਵੇਂ, ਭਰਮ, ਵਹਿਮ, ਇਖਲਾਕੀ ਕਦਰਾਂ ਕੀਮਤਾਂ ਵਿੱਚ ਆਏ ਨਿਘਾਰ ਆਦਿ ਬਾਰੇ ਲਿਖਦੇ ਹਨ, 'ਮੰਨੂੰ ਤੇ ਮਹਾਂਭਾਰਤ ਦੇ ਜ਼ਮਾਨੇ ਪਿਛੋਂ ਹਿੰਦੂ ਧਰਮ ਵਿੱਚ ਭਾਰੀ ਤਬਦੀਲੀ ਆਈ । ਹਿੰਦੂ ਕੌਮ ਦੀ ਏਕਤਾ ਨਾ ਰਹੀ । ਉਨ੍ਹਾਂ ਦਾ ਕੌਮੀ ਤਾਣਾ-ਬਾਣਾ ਲੀਰੋ-ਲੀਰ ਹੋ ਗਿਆ । ਕੌਮੀ ਮਾਲਾ ਦੇ ਮਣਕੇ ਖੇਰੂੰ ਖੇਰੂੰ ਹੋ ਗਏ । ਜ਼ਾਤੀ ਭੇਦ ਤੇ ਵਿਤਕਰਾ ਇਤਨਾ ਵਧਿਆ ਕਿ ਹਰੇਕ ਫਿਰਕਾ ਨਾ ਕੇਵਲ ਇੱਕ ਦੂਜੇ ਤੋਂ ਅੱਡ ਹੋ ਕੇ ਢਾਈ ਚੌਲਾਂ ਦੀ ਖਿਚੜੀ ਵੱਖ ਵੱਖ ਪਕਾਉਣ ਲੱਗਿਆ, ਸਗੋਂ ਇੱਕ ਦੂਜੇ ਦੇ ਵਿਰੋਧੀ ਹੋ ਕੇ ਆਪਸ ਵਿੱਚ ਖਹਿਣ ਤੇ ਇੱਕ ਦੂਜੇ ਨੂੰ ਉਜਾੜਣ ਲੱਗ ਪਏ ।'

ਉਹ ਲਿਖਦੇ ਹਨ ਕਿ 'ਸਾਫ ਸਪੱਸ਼ਟ ਹੈ ਕਿ ਕਮਜ਼ੋਰ ਤੇ ਗਰੀਬ ਹਮੇਸ਼ਾ ਜ਼ਬਰ-ਜੰਗ ਤੇ ਤਾਕਤ ਦੇ ਮਾਲਕ ਦਾ ਸਦਾ ਗੋਲਾ ਹੀ ਹੁੰਦਾ ਹੈ । ਇਸੇ ਕਰਕੇ ਹੀ ਮੁਸਲਮਾਨ ਜੇਤੂਆਂ ਨੇ ਆਪਣਾ ਮੂੰਹ ਹਿੰਦੁਸਤਾਨ ਵੱਲ ਕੀਤਾ ਅਤੇ ਸਿੱਟਾ ਵੀ ਉਹੀ ਨਿਕਲਿਆ ਜਿਸ ਦੀ ਅਜੇਹੀ ਹਾਲਤ ਵਿੱਚ ਆਸ ਹੁੰਦੀ ਹੈ । ਇਸਲਾਮੀ ਤਲਵਾਰ ਨੇ ਆਖਰ ਹਿੰਦੂਆਂ ਨੂੰ ਗੁਲਾਮ ਬਣਾ ਲਿਆ । ਉਨ੍ਹਾਂ ਦੀ ਬਚੀ ਖੁਚੀ ਤਾਕਤ ਖੇਰੂੰ ਖੇਰੂੰ ਕਰ ਦਿੱਤੀ । ਜਿੰਨਾ ਵੀ ਹੋ ਸਕਿਆ, ਮੁਸਲਮਾਨਾਂ ਨੇ ਉਨ੍ਹਾਂ ਨੂੰ ਜ਼ਲੀਲ ਤੇ ਖੁਆਰ ਕੀਤਾ । ਉਨ੍ਹਾਂ ਦੀ ਸ਼ਰਮ ਤੇ ਹਯਾ ਨੂੰ ਬਰਬਾਦ ਕੀਤਾ । ਇਜ਼ਤ ਦੌਲਤ ਲੁੱਟੀ ਤੇ ਆਪਣੇ ਕਬਜ਼ੇ ਵਿੱਚ ਕੀਤੀ। ਗੁਲਾਮੀ ਦਾ ਪਟਾ ਉਨ੍ਹਾਂ ਦੇ ਗਲੇ ਵਿੱਚ ਐਸਾ ਪਾਇਆ, ਜਿਸ ਨੂੰ ਉਹ ਫਿਰ ਕਦੇ ਵੀ ਆਪਣੇ ਗਲੇ ਵਿਚੋਂ ਲਾਹ ਨਾ ਸਕੇ। ਮੁੱਕਦੀ ਗੱਲ ਇਹ ਕਿ ਮੁਸਲਮਾਨ ਜੇਤੂ, ਹਿੰਦੁਸਤਾਨ ਦੇ ਕਰਤਾ ਧਰਤਾ ਤੇ ਐਸੇ ਮਾਲਕ ਬਣੇ, ਜਿਵੇਂ ਕਿ ਮਨੁੱਖ ਪਸ਼ੂਆਂ ਦੇ ਮਾਲਕ ਹੁੰਦੇ ਹਨ ।'

'ਇਸਲਾਮ ਦੇ ਮੁਢਲੇ ਜੇਤੂਆਂ ਨੇ ਮਜ਼ਹਬੀ ਜੋਸ਼ ਵਿੱਚ ਬੜੇ ਜ਼ੁਲਮ ਕੀਤੇ । ਉਨ੍ਹਾਂ ਉਪਰ ਬੜੀਆਂ ਬੇਸ਼ਰਮ ਤੇ ਸਭਿਅਤਾਹੀਣ ਵਧੀਕੀਆਂ ਕੀਤੀਆਂ । ਹਿੰਦੂਆਂ ਦੇ ਧਾਰਮਿਕ ਅਸਥਾਨਾਂ ਤੇ ਮੰਦਰਾਂ ਦੀ ਨਾ ਕੇਵਲ ਪਵਿੱਤ੍ਰਤਾ ਹੀ ਭੰਗ ਕੀਤੀ, ਸਗੋਂ ਉਨ੍ਹਾਂ ਨੂੰ ਲੁੱਟਿਆ, ਮੂਰਤੀਆਂ ਤੋੜੀਆਂ ਤੇ ਉਹਨਾਂ ਦਾ ਖੁਰਾ ਖੋਜ ਮਿਟਾ ਦਿੱਤਾ । ਉਨ੍ਹਾਂ ਦੀ ਥਾਂ 'ਤੇ ਮਸਜਿਦਾਂ ਬਣਾ ਦਿੱਤੀਆਂ । ਉਨ੍ਹਾਂ ਹਿੰਦੂਆਂ ਦਾ ਕੇਵਲ ਧਨ, ਦੌਲਤ ਤੇ ਗਹਿਣਾ-ਗੱਟਾ ਹੀ ਨਹੀਂ ਲੁੱਟਿਆ, ਸਗੋਂ ਉਨ੍ਹਾਂ ਦੇ ਘਰ ਤੇ ਮੁਹੱਲੇ ਸਾੜ ਫੂਕ ਕੇ ਸੁਆਹ ਕਰ ਦਿੱਤੇ । ਨਾ ਕੇਵਲ ਹਿੰਦੂ ਇਸਤ੍ਰੀਆਂ ਦੀ ਇਜ਼ਤ ਹੀ ਲੁੱਟੀ, ਸਗੋਂ ਹਜ਼ਾਰਾਂ ਲੱਖਾਂ ਨੂੰ ਕਤਲ ਕਰ ਕੇ ਹਮੇਸ਼ਾਂ ਦੀ ਨੀਂਦ ਸੁਲਾ ਦਿੱਤਾ । ਅਨਗਿਣਤ ਨਰ ਨਾਰੀ, ਬੱਚੇ, ਜੁਆਨ ਤੇ ਬੁੱਢੇ ਕਤਲ ਕੀਤੇ। ਅਨੇਕਾਂ ਔਰਤਾਂ ਨੂੰ ਗੁਲਾਮ ਬਣਾਇਆ ਤੇ ਗਜ਼ਨੀ ਦੇ ਬਾਜ਼ਾਰਾਂ ਵਿੱਚ ਲਿਜਾ ਕੇ ਕੇਵਲ ਦੋ ਦੋ ਦੀਨਾਰ ਤੇ ਨਿਲਾਮ ਕੀਤਾ ਤੇ ਵੇਚਿਆ। ਹਿੰਦੂਆਂ ਨੂੰ ਜ਼ਬਰੀ ਗੁਲਾਮ ਬਣਾਇਆ । ਉਨ੍ਹਾਂ ਦੀਆਂ ਔਰਤਾਂ ਖੋਹ ਕੇ, ਉਨ੍ਹਾਂ ਨਾਲ ਨਿਕਾਹ ਪੜ੍ਹਾ ਕੇ ਅਪਣੇ ਮਹਿਲਾਂ ਦੀ ਰੌਣਕ ਵਧਾਈ ।' ਜਿਹੜਾ ਵੀ ਮੁਸਲਮਾਨਾਂ ਦਾ ਫਿਰਕਾ ਜਾਂ ਖਾਨਦਾਨ ਇੱਕ ਦੂਜੇ ਦੇ ਮਗਰੋਂ ਹਿੰਦੁਸਤਾਨ ਆਇਆ, ਸਾਰਿਆਂ ਨੇ ਹੀ ਹਿੰਦੂਆਂ ਨਾਲ ਇਹੋ ਜਿਹਾ ਹੀ ਵਿਤਕਰੇ

ਤੇ ਜ਼ੁਲਮ-ਭਰਿਆ ਸਲੂਕ ਜਾਰੀ ਰੱਖਿਆ । ਇਹੋ ਜਿਹੇ ਹਾਲਾਤ ਵਿੱਚ ਇਹ ਕੁਦਰਤੀ ਗੱਲ ਸੀ ਕਿ ਜੇਤੂਆਂ ਤੇ ਹਾਰਿਆਂ ਹੋਇਆਂ ਵਿੱਚ ਘਿਰਣਾ ਵਧੇ । ਸਿੱਟੇ ਵਜੋਂ ਦੋਹਾਂ ਵਿੱਚ ਅਤਿਅੰਤ ਨਫਰਤ ਤੇ ਦੁਸ਼ਮਣੀ ਪੈਦਾ ਹੋਈ ਤੇ ਜਾਰੀ ਰਹੀ, ਜੋ ਅੱਜ ਤੱਕ ਵੀ ਜਾਰੀ ਹੈ ।

ਮਹਿਮੂਦ ਨੇ ਹਿੰਦੂਆਂ ਦੇ ਮੰਦਰਾਂ ਨੂੰ ਲੁੱਟਿਆ, ਉਨ੍ਹਾਂ ਦੇ ਦੇਵਤਿਆਂ ਦੀ ਬੇਇਜ਼ਤੀ ਕੀਤੀ, ਮੂਰਤੀਆਂ ਭੰਨੀਆਂ ਅਤੇ ਹਿੰਦੂਆਂ ਨੂੰ ਦਿਲ ਖੋਲ੍ਹ ਕੇ ਲੁੱਟਿਆ । ਇਸ ਤੋਂ ਪਹਿਲਾਂ ਮੁਹੰਮਦ ਕਾਸਮ ਨੇ ਹਿੰਦੂਆਂ ਨੂੰ ਉੱਕਾ ਹੀ ਬਰਬਾਦ ਕਰ ਕੇ ਰਾਜਾ ਦਾਹਿਰ ਵਾਲੀਏ ਸਿੰਧ ਦੀਆਂ ਦੋ ਧੀਆਂ ਅਤੇ ਹੋਰ ਅਨੇਕਾਂ ਇਸਤ੍ਰੀਆਂ ਨੂੰ ਕੈਦ ਕਰ ਕੇ ਬਗਦਾਦ ਵਿੱਚ, ਜਿਥੋਂ ਦਾ ਉਹ ਆਪ ਰਹਿਣ ਵਾਲਾ ਸੀ, ਖਲੀਫੇ ਦੇ ਮਹਿਲਾਂ ਵਿੱਚ ਦਾਖਲ ਕੀਤਾ ।

ਕੁਤਬਦੀਨ ਨੇ ਮੇਰਠ ਦੇ ਸਾਰੇ ਮੰਦਰਾਂ ਤੇ ਬੁੱਤਾਂ ਨੂੰ ਤੋੜਿਆ ਤੇ ਉਨ੍ਹਾਂ ਦੀ ਥਾਂ ਮਸਜਦਾਂ ਉਸਾਰੀਆਂ । ਜਿਸ ਨੇ ਵੀ ਇਸਲਾਮ ਕਬੂਲ ਕਰਨ ਤੋਂ ਇਨਕਾਰ ਕੀਤਾ, ਉਸ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ । ਕੇਵਲ ਇੱਕ ਕਾਲੰਜਰ ਸ਼ਹਿਰ ਵਿੱਚ ਹੀ ੧੧੩ ਮੰਦਰ ਢਾਹ ਕੇ ਮਸਜਿਦਾਂ ਬਣਵਾ ਦਿੱਤੀਆਂ । ਹਜ਼ਾਰਾਂ ਹਿੰਦੂ ਕਤਲ ਕੀਤੇ ਤੇ ਗੁਲਾਮ ਬਣਾਏ ।

ਅਮੀਰ ਖੁਸਰੋ ਦੀ ਤਾਰੀਖ ਦੇ ਪੰਨਾ ੯ ਦੇ ਹਵਾਲੇ ਅਨੁਸਾਰ ਫਿਰੋਜ਼ ਸ਼ਾਹ ਨੇ ਦੱਖਣ ਦੀ ਫਤਹਿ ਸਮੇਂ ਅਣਗਿਣਤ ਬੁੱਤ ਉਧਰੋਂ ਲਿਆ ਕੇ ਕਿਲ੍ਹੇ ਦੇ ਦਰਵਾਜ਼ੇ 'ਤੇ ਸੁਟਵਾ ਦਿੱਤੇ ਤੇ ਚਿਰਾਂ ਤੱਕ ਇੱਕ ਹਜ਼ਾਰ ਹਿੰਦੂਆਂ ਦੇ ਲਹੂ ਨਾਲ ਉਨ੍ਹਾਂ ਬੁੱਤਾਂ ਦਾ ਇਸ਼ਨਾਨ ਕਰਵਾਉਂਦਾ ਰਿਹਾ । ਦੋ ਵਾਰ ਮਾਲਵੇ ਦੇ ਦੇਸ਼ ਨੂੰ ਇੰਜ ਲੁਟਿਆ ਕਿ ਉਥੋਂ ਦੀ ਵਸੋਂ ਰੋਟੀ ਤੋਂ ਵੀ ਆਤੁਰ ਹੋ ਗਈ ।

ਤਾਰੀਖ ਫਰਿਸ਼ਤਾ ਅਨੁਸਾਰ ਫੀਰੋਜ਼ ਸ਼ਾਹ ਨੇ ਜਦੋਂ ਨਗਰਕੋਟ ਕਾਂਗੜਾ ਫਤਹਿ ਕੀਤਾ ਤਾਂ ਸਾਰੇ ਹਿੰਦੂਆਂ ਨੂੰ ਲੁੱਟ ਕੇ ਬੁੱਤਾਂ ਨੂੰ ਤੋੜ ਦਿੱਤਾ ਤੇ ਉਨ੍ਹਾਂ ਬੁੱਤਾਂ ਦੇ ਟੁਕੜਿਆਂ ਨੂੰ ਗਾਂ ਦੇ ਗੋਸਤ ਵਿੱਚ ਮੜ੍ਹ ਕੇ ਬ੍ਰਾਹਮਣਾਂ ਦੇ ਗਲਾਂ ਵਿੱਚ ਹਾਰ ਪਾਏ । ਤੇਰਾਂ ਹਜ਼ਾਰ ਹਿੰਦੂ ਬੁੱਤ-ਪੂਜਾਂ ਨੂੰ ਕੈਦ ਕਰ ਕੇ ਮੂੰਹ ਵਿੱਚ ਗਾਂ ਦਾ ਮਾਸ ਤੁੰਨ ਕੇ ਕਤਲ ਕੀਤਾ ।

ਗਿਆਸਦੀਨ ਨੇ ਰਾਣਾ ਮੱਲ ਭੱਟੀ ਦੀ ਧੀ ਨੂੰ ਜ਼ਬਰੀ ਮੁਸਲਮਾਨ ਬਣਾ ਕੇ ਉਸ ਨਾਲ ਨਿਕਾਹ ਪੜ੍ਹਾ ਕੇ ਆਪਣੇ ਹਰਮ ਵਿੱਚ ਸ਼ਾਮਿਲ ਕੀਤਾ । ਉਸ ਦੀ ਕੁੱਖ ਚੋਂ ਹੀ ਫੀਰੋਜ਼ ਸ਼ਾਹ ਪੈਦਾ ਹੋਇਆ ਸੀ । ਇਸੇ ਬਾਦਸ਼ਾਹ ਦੇ ਕਹਿਰ ਤੋਂ ਬਚਣ ਲਈ ਜੈਸਲਮੇਰ ਵਿੱਚ ਅੱਠ ਹਜ਼ਾਰ ਤੇ ਬਠਿੰਡੇ ਵਿੱਚ ੨੪ ਹਜ਼ਾਰ ਇਸਤ੍ਰੀਆਂ ਆਪਣੀ ਪੱਤ ਬਚਾਉਣ ਲਈ ਜਿਉਂਦੀਆਂ ਹੀ ਸੜ ਮਰੀਆਂ ਸਨ ।

ਅਮੀਰ ਅਬਦੁੱਲਾ ਖਾਂ ਨੇ ਤਜ਼ਕਰੇ ਅਤੇ ਅਲਮਸਮੱਦ ਦੇ ਤਜ਼ਕਰੇ ਦੇ ਹਵਾਲੇ ਅਨੁਸਾਰ ਅਲਾਉਦੀਨ ਖਿਲਜੀ ਨੇ ਕਮਬਾਤ ਦੇ ਆਲੇ ਦੁਆਲੇ ਦੇ ਇਲਾਕੇ ਵਿੱਚ ਇਤਨੇ ਕੁ ਹਿੰਦੂ ਕਤਲ ਕੀਤੇ ਕਿ ਲਹੂ ਦੀਆਂ ਨਹਿਰਾਂ ਵਗਾ ਦਿਤੀਆਂ । ਅਨੇਕਾਂ ਬੱਚਿਆਂ ਤੇ ਵੀਹ ਹਜ਼ਾਰ ਸੁੰਦਰੀਆਂ ਨੂੰ ਗੁਲਾਮ ਬਣਾ ਕੇ ਆਪਣੇ ਦੇਸ਼ ਭੇਜਿਆ । ਉਸ ਨੇ ਦੌਲਤਾਬਾਦ ਸ਼ਹਿਰ ਨੂੰ ਤਾਂ ਅਜਿਹਾ ਬਰਬਾਦ ਕੀਤਾ ਕਿ ਉਥੇ ਕੋਈ ਕੁੱਤਾ ਜਾਂ ਬਿੱਲੀ ਤੱਕ ਵੀ ਨਾ ਬਚੇ । ਅੰਨ੍ਹਿਆਂ ਨੂੰ ਉਸ ਨੇ ਘੋੜਿਆਂ ਦੀਆਂ ਪੂਛਾਂ ਨਾਲ ਬੰਨ੍ਹ ਕੇ ਮਰਵਾਇਆ ।

ਅਮੀਰ ਖੁਸਰੋ ਅਨੁਸਾਰ ਜਲਾਲੁਦੀਨ ਖਿਲਜੀ ਨੇ ਸਾਰੇ ਮਾਲਵੇ ਤੇ ਗੁਜਰਾਤ ਦੇ

ਇਲਾਕੇ ਨੂੰ ਇਥੋਂ ਤੱਕ ਲੁੱਟਿਆ ਕਿ ਉਥੋਂ ਦੀ ਹਿੰਦੂ ਵਸੋਂ ਪਾਸ ਨੰਗੇਜ਼ ਢੱਕਣ ਵਾਲੇ ਕੱਪੜੇ ਤੇ ਮਿੱਟੀ ਦੇ ਭਾਂਡਿਆਂ ਤੋਂ ਬਿਨਾ ਕੁਝ ਵੀ ਨਾ ਰਿਹਾ । ੨੦ ਹਜ਼ਾਰ ਬੱਚੇ, ਤੀਵੀਆਂ, ਮਰਦ ਤੇ ਸੁੰਦਰੀਆਂ ਉਸ ਨੇ ਆਪਣੇ ਸੈਨਕਾਂ ਵਿੱਚ ਇਨਾਮ ਵਜੋਂ ਵੰਡੀਆਂ । ੧੪ ਹਜ਼ਾਰ ਹਿੰਦੂ ਰਿਸ਼ੀਆਂ ਦੇ ਸਿਰ ਵੱਢ ਕੇ ਕਿਲ੍ਹੇ ਦੀਆਂ ਕੰਧਾਂ ਉਤੇ ਰਖਵਾਏ ਤੇ ਹਰ ਇੱਕ ਉਤੇ ਦੀਵੇ ਜਗਾ ਕੇ ਰੋਸ਼ਨੀ ਕੀਤੀ ਤੇ ਪਿਛੋਂ ਯਮਨਾ ਨਦੀ ਵਿੱਚ ਸੁਟਵਾ ਦਿੱਤੇ ।

ਤੈਮੂਰ ਨੇ ਦਿਆਲਪੁਰ ਦੇ ਪੰਜ ਹਜ਼ਾਰ, ਅਯੁਧਿਆ ਦੇ ੧੪ ਹਜ਼ਾਰ ਤੇ ਬਨਾਰਸ ਦੇ ੨੦ ਹਜ਼ਾਰ ਬੁੱਤ-ਪੂਜ ਹਿੰਦੂ ਤੇ ਬ੍ਰਾਹਮਣਾ ਨੂੰ ਕਤਲ ਕੀਤਾ । ਉਨ੍ਹਾਂ ਦੇ ਬਾਲ ਬੱਚੇ ਤੇ ਔਰਤਾਂ ਨੂੰ ਗੁਲਾਮ ਬਣਾ ਕੇ ਆਪਣੇ ਫੌਜੀਆਂ ਵਿੱਚ ਵੰਡ ਦਿੱਤਾ । ਉਸ ਨੇ ਭਟਨੇਰ ਸ਼ਹਿਰ ਦੇ ੨੯ ਹਜ਼ਾਰ ਹਿੰਦੂਆਂ ਨੂੰ ਇੱਕ ਥਾਂ ਤੇ ਇਕੱਤਰ ਕਰ ਕੇ ਜਿਉਂਦਿਆਂ ਹੀ ਅੱਗ ਵਿੱਚ ਸਾੜ ਦਿਤਾ ਤੇ ਅੱਗ ਵਿਚੋਂ ਭਜਦੇ ਦਸ ਹਜ਼ਾਰ ਹਿੰਦੂਆਂ ਨੂੰ ਕਤਲ ਕੀਤਾ । ਡੇਢ ਲੱਖ ਤੁਰਕੀ ਫੌਜੀਆਂ ਨੂੰ ਉਸ ਨੇ ਲੁੱਟ-ਮਾਰ ਤੇ ਬਰਬਾਦੀ ਲਈ ਲਾਇਆ। ਦਿੱਲੀ ਵਿੱਚ ਉਹ ਹੰਕਾਰ ਨਾਲ ਆਖਦਾ ਸੀ ਕਿ ਭਾਵੇਂ ਲੱਖਾਂ ਹਿੰਦੂ ਕਤਲ ਕੀਤੇ ਹਨ, ਪਰ ਫਿਰ ਵੀ ਚੈਨ ਨਹੀਂ ਆਉਂਦਾ । ਮੈਂ ਤਾਂ ਹਿੰਦੁਸਤਾਨ ਵਿਚੋਂ ਇਨ੍ਹਾਂ ਦਾ ਖੁਰਾ ਖੋਜ ਹੀ ਮੇਟਣ ਵਾਸਤੇ ਆਇਆ ਹਾਂ, ਐਸ਼ ਕਰਨ ਵਾਸਤੇ ਥੋੜੇ ਆਇਆ ਹਾਂ । ਤੁਜ਼ਕਿ ਬਾਬਰੀ ਵਿੱਚ ਸਾਫ ਲਿਖਿਆ ਹੈ ਕਿ ਜੋ ਵੀ ਹਿੰਦੂ ਲੜਾਈ ਵਿੱਚ ਫੜੇ ਜਾਂਦੇ ਸਨ ਉਹ ਬਾਦਸ਼ਾਹ ਦੇ ਸਾਹਮਣੇ ਲਿਆ ਕੇ ਕਤਲ ਕਰ ਦਿੱਤੇ ਜਾਂਦੇ ਸਨ ।

ਤਾਰੀਖ ਮੀਰ ਮਾਸੂਮ ਦੇ ਹਵਾਲੇ ਅਨੁਸਾਰ ਇਸਲਾਮ ਦੇ ਜੇਤੂਆਂ ਨੇ ਸ਼ੁਰੂ ਵਿੱਚ ਹੀ ਇਹ ਹੁਕਮ ਜਾਰੀ ਕਰ ਦਿੱਤਾ ਸੀ ਕਿ ਕੋਈ ਹਿੰਦੂ ਚੰਗਾ ਕੱਪੜਾ ਨਾ ਪਾਵੇ, ਚੰਗਾ ਭੋਜਨ ਨਾ ਖਾਵੇ, ਘੋੜੇ ਦੀ ਸਵਾਰੀ ਨਾ ਕਰੇ, ਉਨ੍ਹਾਂ ਨੂੰ ਦਸਤਾਰ ਸਜਾਉਣ ਦੀ ਮਨਾਹੀ ਸੀ ਖ਼ਾਸ ਕਰ ਕੇ ਸਫੈਦ, ਜੇ ਕਿਤੇ ਬੰਨਣੀ ਵੀ ਹੋਵੇ ਤਾਂ ਸਿਰਫ ਲਾਲ ਰੰਗ ਦੀ। ਦੋ-ਮੰਜ਼ਲਾ ਮਕਾਨ ਨਾ ਬਣਾਏ, ਸੁੰਦਰ ਲੜਕਾ ਲੜਕੀ ਨਾ ਰੱਖੇ, ਜੇ ਹੋਣ ਤਾਂ ਮੁਸਲਮਾਨਾਂ ਨੂੰ ਦੇ ਦਿੱਤੇ ਜਾਣ । ਜੇ ਕਿਸੇ ਹਿੰਦੂ ਦਾ ਵਧੀਆ ਮਕਾਨ, ਬਾਗ ਜਾਂ ਕੋਈ ਸਾਮਾਨ ਮੁਸਲਮਾਨਾਂ ਦੇ ਪਸੰਦ ਆ ਜਾਂਦਾ ਤਾਂ ਉਹ ਖੋਹ ਲੈਂਦੇ ਤੇ ਆਪਣੇ ਕਬਜ਼ੇ ਵਿੱਚ ਕਰ ਲੈਂਦੇ ਸਨ । ਜੇ ਕਿਸੇ ਦੀ ਇਸਤ੍ਰੀ ਜਾਂ ਧੀ ਸੁੰਦਰ ਹੁੰਦੀ ਤਾਂ ਉਸ ਉਤੇ ਫੌਜ ਚਾੜ੍ਹ ਕੇ ਜ਼ਬਰਦਸਤੀ ਖੋਹ ਕੇ ਉਸ ਨਾਲ ਨਿਕਾਹ ਕਰ ਲੈਂਦੇ ਸਨ ।

ਤਾਰੀਖ ਚਿਚਾਨਾਮਾਹ ਅਨੁਸਾਰ ਖਲੀਫੇ ਦਾ ਹੁਕਮ ਸੀ ਕਿ ਹਿੰਦੂ ਕਾਫਰਾਂ ਨੂੰ ਉਕਾ ਚੈਨ ਨਾ ਲੈਣ ਦਿਓ । ਜਿਵੇਂ ਵੀ ਹੋ ਸਕੇ, ਇਸਲਾਮ ਵਿੱਚ ਸ਼ਾਮਿਲ ਕਰ ਲਓ, ਨਹੀਂ ਤਾਂ ਕਤਲ ਕਰ ਦਿਓ । ਤੈਮੂਰ ਸ਼ਾਹ ਨੇ ਆਪਣੇ ਤਜ਼ਕਰੇ ਵਿੱਚ ਲਿਖਿਆ ਹੈ ਕਿ ਉਹ ਹਿੰਦੁਸਤਾਨ ਵਿੱਚ ਕੇਵਲ ਦੋ ਮੰਤਵ ਲੈ ਕੇ ਹੀ ਆਇਆ – ਹਿੰਦੂ ਕਾਫਰਾਂ ਨੂੰ ਦੀਨ ਇਸਲਾਮ ਵਿੱਚ ਪ੍ਰਵੇਸ਼ ਕਰਵਾਉਣ ਜਾਂ ਕਤਲ ਕਰਨਾ ਤੇ ਕਾਫਰਾਂ ਦਾ ਮਾਲ-ਮਤਾਹ ਲੁੱਟ ਕੇ ਮੁਸਲਮਾਨਾਂ ਨੂੰ ਲਾਭ ਪਹੁੰਚਾਉਣਾ।

ਅਕਬਰ ਬਾਦਸ਼ਾਹ ਉਦਾਰਵਾਦੀ ਸੀ ਤੇ ਚਾਹੁੰਦਾ ਸੀ ਕਿ ਹਿੰਦੂ ਤੇ ਮੁਸਲਮਾਨ ਮਿਲ ਕੇ ਰਹਿਣ, ਪਰ ਇੱਕ ਦੂਜੇ ਪ੍ਰਤੀ ਜੋ ਘਿਰਣਾ ਪੈਦਾ ਹੋ ਗਈ ਸੀ, ਉਹ ਖ਼ਤਮ ਨਾ ਹੋਈ । ਉਹ ਹਿੰਦੂ ਰਾਜਿਆਂ ਨਾਲ ਰਿਸ਼ਤੇ ਜੋੜਣ ਲਈ ਬਹੁਤ ਖਾਹਿਸ਼ਮੰਦ ਸੀ ਤੇ ਹਰ ਤਰ੍ਹਾਂ ਦੇ ਯਤਨ ਵੀ ਕਰਦਾਂ ਸੀ । ਉਹਦੇ

ਵਾਰਸਾਂ ਨੇ ਵੀ ਉਸ ਦੀ ਇਸ ਨੀਤੀ ਨੂੰ ਜਾਰੀ ਰੱਖਿਆ । ਜੈਪੁਰ ਤੇ ਮਾਰਵਾੜ ਦੇ ਖਾਨਦਾਨਾਂ ਦੀਆਂ ਦੋ ਰਾਣੀਆਂ ਅਕਬਰ ਦੀਆਂ ਬੇਗਮਾਂ ਸਨ ਤੇ ਉਸ ਦੇ ਵੱਡੇ ਪੁੱਤਰ ਜਹਾਂਗੀਰ ਦਾ ਨਿਕਾਹ ਜੈਪੁਰ ਦੀ ਦੂਜੀ ਰਾਣੀ ਨਾਲ ਹੋਇਆ । ਬਜਾਏ ਇਸ ਦੇ ਕਿ ਧਰਮ ਦੇ ਬਦਲਣ ਤੋਂ ਘਿਰਣਾ ਕੀਤੀ ਜਾਂਦੀ, ਹਿੰਦੂ ਰਾਜਿਆਂ ਅੰਦਰ ਬਾਦਸ਼ਾਹ ਨੂੰ ਜਵਾਈ ਬਣਾਉਣ ਦਾ ਸ਼ੌਕ ਤੇਜ਼ੀ ਨਾਲ ਵਧਿਆ ਤੇ ਉਸ ਲਈ ਉਹ ਦਿਲੀ ਇੱਛਾ ਕਰਨ ਲੱਗ ਪਏ ਸਨ । ਇਹ ਨੀਤੀ ਵੀ ਹਿੰਦੂਆਂ ਲਈ ਘਾਤਕ ਸਿੱਧ ਹੋਈ, ਕਿਉਂ ਕਿ ਕੋਈ ਵੀ ਹਿੰਦੂ ਰਾਜਾ ,ਮੁਸਲਮਾਨ ਲੜਕੀ ਵਿਆਹੁਣ ਨੂੰ ਤਿਆਰ ਨਹੀਂ ਸੀ ।

ਤੁਜ਼ਿਕ-ਇ-ਜਹਾਂਗੀਰੀ ਵਿੱਚ ਬਾਦਸ਼ਾਹ ਜਹਾਂਗੀਰ ਨੇ ਲਿਖਿਆ ਹੈ, 'ਮੇਰੇ ਪਿਤਾ (ਅਕਬਰ) ਨੇ ਮੇਰੀ ਸ਼ਾਦੀ ਰਾਜਾ ਭਗਵਾਨ ਦਾਸ ਦੀ ਲੜਕੀ ਨਾਲ ਕੀਤੀ ।' ਉਹ ਲਿਖਦਾ ਹੈ, 'ਪਿਤਾ ਨੇ ਫਿਰ ਮੇਰੀ ਸ਼ਾਦੀ ਰਾਜਾ ਉਦੇ ਸਿੰਘ ਦੀ ਲੜਕੀ ਨਾਲ ਕੀਤੀ ।' ਪੰਨਾ ੧੧੭ ਤੇ ਉਹ ਲਿਖਦਾ ਹੈ, 'ਮੈਂ ਜਹਾਂਗੀਰ ਨੇ ਆਪਣੀ ਸ਼ਾਦੀ ਜਗਤ ਸਿੰਘ ਦੀ ਲੜਕੀ ਨਾਲ ਕੀਤੀ ।' (ਜਗਤ ਸਿੰਘ ਰਾਜਾ ਮਾਨ ਸਿੰਘ ਦਾ ਪੁੱਤਰ ਸੀ । ਫਿਰ ਪੰਨਾ ੧੨੪ ਤੇ ਲਿਖਦਾ ਹੈ ਕਿ ਮੈਂ ਰਾਮ ਚੰਦ ਬੰਦੇਲਾ ਦੀ ਖਾਹਸ਼ 'ਤੇ ਉਸ ਦੀ ਲੜਕੀ ਨਾਲ ਸ਼ਾਦੀ ਕੀਤੀ ਤੇ ਸ਼ਾਹੀ ਮਹਿਲਾਂ ਵਿੱਚ ਦਾਖਲ ਕੀਤਾ ।

ਹੁਣ ਉਹ ਇਸ ਦੇ ਉਲਟ ਪੰਨਾ ੧੦੭ ਤੇ ਇੱਕ ਘਟਨਾ ਦਾ ਜ਼ਿਕਰ ਕਰਦਾ ਹੈ, 'ਰਾਜਾ ਬਿਕ੍ਰਮਜੀਤ ਦਾ ਪੁੱਤਰ ਮੇਰੇ ਸਾਹਮਣੇ ਪੇਸ਼ ਕੀਤਾ ਗਿਆ । ਉਸ ਹਰਾਮਜ਼ਾਦੇ ਬਾਰੇ ਮੈਂ ਬਹੁਤ ਕੁਝ ਸੁਣ ਚੁੱਕਾ ਸੀ । ਇੱਕ ਇਹ ਵੀ ਸੀ ਕਿ ਉਸ ਨੇ ਇੱਕ ਮੁਸਲਮਾਨ ਕੁੜੀ 'ਭੋਲੀ' ਨੂੰ ਆਪਣੇ ਘਰ ਪਾਇਆ ਹੋਇਆ ਹੈ । ਮੈਂ ਉਸ ਦੀ ਗ੍ਰਿਫਤਾਰੀ ਦਾ ਹੁਕਮ ਦਿੱਤਾ ਤੇ ਉਸ ਦੀ ਜ਼ਬਾਨ ਕੱਟਣ ਦਾ ਹੁਕਮ ਵੀ ਜਾਰੀ ਕੀਤਾ ਅਤੇ ਹੋਰ ਇਹ ਹੁਕਮ ਦਿਤਾ ਕਿ ਅਗੇ ਤੋਂ ਉਸ ਨੂੰ ਭੰਗੀਆਂ ਨਾਲ ਰਖਿਆ ਜਾਵੇ ਅਤੇ ਉਹ ਖਾਣਾ ਵੀ ਉਥੋਂ ਹੀ ਖਾਏ ।' ਜਹਾਂਗੀਰ ਐਂਡ ਜੇਸੂਇਟ ਵਿੱਚ ਲਿਖਿਆ ਹੈ ਕਿ ਜੇ ਕੋਈ ਹਿੰਦੂ ਮੁਸਲਮਾਨ ਬਣ ਜਾਂਦਾ ਸੀ ਤਾਂ ਉਸ ਨੂੰ ਹਾਥੀ ਤੇ ਬਿਠਾ ਕੇ ਜਲੂਸ ਕੱਢਿਆ ਜਾਂਦਾ ।'

ਇਹੋ ਜਿਹੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਇਤਿਹਾਸਿਕ ਹਵਾਲੇ ਦੇ ਕੇ ਦਿੱਤੀਆਂ ਜਾ ਸਕਦੀਆਂ ਹਨ, ਪਰ ਥੋੜੇ ਜਿਹੇ ਨਮੂਨੇ ਨਾਲ ਸਾਰੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ । ਇਸ ਤੋਂ ਸਾਫ ਸਪੱਸ਼ਟ ਹੈ ਕਿ ਹਿੰਦੂ ਸਮਾਜ ਬਹੁਤ ਹੀ ਨਿਰਬਲ, ਸੱਤਿਆਹੀਣ ਤੇ ਨਿਆਸਰਾ ਹੋ ਚੁੱਕਾ ਸੀ । ਕਿਤੇ ਕਿਤੇ ਟਾਵੀਂ ਕੋਈ ਰਾਜਪੂਤ ਹਕੂਮਤ ਸੀ, ਉਹ ਵੀ ਪਹਾੜ ਦੀਆਂ ਕੁੰਦਰਾਂ ਤੇ ਖੰਡਰਾਂ ਵਿੱਚ ਬਚੀ ਹੋਈ ਸੀ । ਉਸ ਦੇ ਪਿਛੇ ਵੀ ਇਸਲਾਮੀ ਟਿੱਡੀ ਦਲ ਫੌਜਾਂ ਹਰ ਸਮੇਂ ਜਹਾਦ ਲਈ ਤਿਆਰ ਰਹਿੰਦੇ ਸਨ ।

ਅਜੇਹੇ ਬਿਖੜੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ । ਉਨ੍ਹਾਂ ਨੇ ਦੋਨਾਂ ਧਰਮਾਂ ਦੇ ਪੈਰੋਕਾਰਾਂ ਨੂੰ ਸਿੱਧਾ ਸਾਦਾ ਤੇ ਨੇਕ ਜੀਵਨ ਬਿਤਾਉਣ, ਹੱਥੀਂ ਕਿਰਤ ਕਰਨ, ਵੰਡ ਛਕਣ, ਇਕੋ ਪਰਮਾਤਮਾ ਉਤੇ ਅਟੁੱਟ ਵਿਸ਼ਵਾਸ਼ ਤੇ ਸਭਨਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ । ਉਨ੍ਹਾਂ ਬਾਬਰ ਦੇ ਹਮਲੇ ਵੇਲੇ ਜ਼ੁਲਮ ਤਸ਼ੱਦਦ ਤੇ ਲੁੱਟ ਮਾਰ ਦੇਖ ਕੇ ਆਵਾਜ ਬੁਲੰਦ ਕੀਤੀ । ਲਾਲਾ ਦੌਲਤ ਰਾਏ ਦੇ ਸ਼ਬਦਾਂ ਵਿੱਚ 'ਉਨ੍ਹਾਂ ਇਹ ਕਾਰਜ

ਐਸੀ ਜੁਗਤੀ ਨਾਲ ਆਰੰਭਿਆ ਤੇ ਨਿਭਾਇਆ, ਜੋ ਕੇਵਲ ਉਹੋ ਹੀ ਕਰ ਸਕਦੇ ਸਨ । ਇਹੋ ਕਾਰਨ ਹੈ ਕਿ ਮੁਸਲਮਾਨ ਵੀ ਅਜਿਹੇ ਦਲੇਰ ਵਿਅਕਤੀ ਦੇ ਖਿਲਾਫ ਨਾ ਹੋਏ ਜੋ ਹਿੰਦੂਆਂ ਨੂੰ ਉਨ੍ਹਾਂ ਦੇ ਮੁਕਾਬਲੇ 'ਤੇ ਲਿਆਉਂਣ ਦੀ ਨੀਂਹ ਰੱਖ ਰਿਹਾ ਸੀ ।'

ਸ੍ਰੀ ਗੁਰੂ ਨਾਨਕ ਦੇਵ ਜੀ ਹਿੰਦੁਸਤਾਨ ਦੇ ਪਹਿਲੇ ਰਾਸ਼ਟਰ-ਕਵੀ ਹੋਏ ਹਨ ਜਿਨ੍ਹਾਂ ਨੇ ਬਾਬਰ ਦੇ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਤੇ ਆਖਿਆ :-

*ਏਤੀ ਮਾਰ ਪਈ ਕਰਲਾਣੇ*
*ਤੈ ਕੀ ਦਰਦੁ ਨ ਆਇਆ ॥*

ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਤਰ੍ਹਾਂ ਦੋਨਾਂ ਧਰਮਾਂ ਦੇ ਲੋਕਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਜਾਰੀ ਰਖਿਆ । ਇਹੀ ਕਾਰਨ ਹੈ ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇਸ਼ ਦੇ ਲਗਭਗ ਹਰ ਇਲਾਕੇ ਵਿੱਚ ਉਨ੍ਹਾਂ ਦੇ ਸਿੱਖ ਬਣ ਗਏ ਸਨ, ਜਿੰਨ੍ਹਾਂ ਵਿੱਚ ਮੁਸਲਮਾਨਾਂ ਦੀ ਵੀ ਚੋਖੀ ਗਿਣਤੀ ਸੀ । ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾਂ ਉਨ੍ਹਾਂ ਦੇਸ਼ ਦੇ ਪ੍ਰਮੁੱਖ ਭਗਤਾਂ ਦੀ ਬਾਣੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਲੋਕਾਂ ਨੂੰ ਇੱਕ ਧਰਮ ਨਿਰਪੇਖ ਪਾਵਨ ਗ੍ਰੰਥ ਦਿੱਤਾ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾਗੱਦੀ ਬਖਸ਼ ਕੇ 'ਗੁਰੂ ਮਾਨਿਓ ਗ੍ਰੰਥ' ਦਾ ਆਦੇਸ਼ ਦਿੱਤਾ । ਪੰਜਮ ਪਾਤਸ਼ਾਹ ਨੂੰ ਚੰਦੂ ਵਰਗਿਆਂ ਦੀ ਸਾਜ਼ਸ ਤੇ ਕਈ ਮੌਲਾਣਿਆਂ ਦੇ ਕੱਟੜਵਾਦ ਦਾ ਸ਼ਿਕਾਰ ਹੋ ਕੇ ਜਹਾਂਗੀਰ ਦੇ ਹੁਕਮ ਨਾਲ ਸ਼ਹੀਦ ਹੋਣਾ ਪਿਆ । ਬਾਦਸ਼ਾਹ ਜਹਾਂਗੀਰ ਨੇ ਤੁਜ਼ਕੇ ਜਹਾਗੀਰੀ ਵਿੱਚ ਇਸ ਬਾਰੇ ਸਾਫ ਸ਼ਬਦਾਂ ਵਿੱਜ ਲਿਖਿਆ ਹੈ, 'ਗੋਇੰਦਵਾਲ ਵਿੱਚ ਜੋ ਕਿ ਬਿਆਸ ਦਰਿਆ ਦੇ ਕੰਢੇ 'ਤੇ ਹੈ, ਅਰਜਨ ਨਾਮੀ ਇੱਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿੱਚ ਰਹਿੰਦਾ ਸੀ । ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿੱਚ ਬਹੁਤ ਸਾਰੇ ਬਲਕਿ ਮੂਰਖ ਤੇ ਬੇਅਕਲ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪਤੇ ਗੁਰੂਪੁਣੇ ਦਾ ਢੋਲ ਬੜੇ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸੀ। ਉਸ ਨੂੰ ਸਾਰੇ ਗੁਰੂ ਕਹਿੰਦੇ ਸਨ । ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵੱਲ ਆਉਂਦੇ ਤੇ ਉਸ ਪੁਰ ਪੂਰਾ ਭਰੋਸਾ ਕਰਦੇ ਸਨ । ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ । ਕਿਤਨੇ ਚਿਰ ਤੋਂ ਮੇਰੇ ਦਿਲ ਵਿੱਚ ਇਹ ਆਉਂਦੀ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿਆਂ ਜਾਂ ਉਸ (ਗੁਰੂ ਅਰਜਨ ਦੇਵ) ਨੂੰ ਦੀਨ ਇਸਲਾਮ ਦੀ ਜਮਾਤ ਵਿੱਚ ਲੈ ਆਵਾਂ ।'

'ਇਨ੍ਹਾਂ ਦਿਨਾਂ ਵਿੱਚ ਖੁਸਰੋ ਉਸ ਰਸਤੇ ਲੰਘਿਆ । ਇਸ ਪੁਰਸ਼ ਨੇ ਇਰਾਦਾ ਕੀਤਾ ਕਿ ਉਸ ਨੂੰ ਮਿਲੇ । ਉਸ ਪੜਾਅ ਉਤੇ ਜਿਥੇ ਕਿ ਉਸ ਦੀ ਜਗ੍ਹਾ 'ਤੇ ਟਿਕਾਣਾ ਸੀ, ਖੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ । ਕਈ ਗੱਲਾਂ ਕੀਤੀਆਂ ਤੇ ਉਸ ਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ ਟਿੱਕਾ ਲਾਇਆ ਜਿਸ ਨੂੰ ਹਿੰਦੂ ਤਿਲਕ ਆਖਦੇ ਤੇ ਸ਼ਗਨ ਸਮਝਦੇ ਹਨ । ਜਦ ਇਹ ਖਬਰ ਮੇਰੇ ਕੰਨਾਂ ਵਿੱਚ ਪਹੁੰਚੀ, ਮੈਂ ਉਸ ਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕਰਨ, ਉਸ ਦੇ ਘਰ ਬਾਰ ਤੇ ਬੱਚਿਆਂ ਨੂੰ ਮੁਰਤਜ਼ਾਂ ਖਾਂ ਦੇ ਹਵਾਲੇ ਕਰ ਦਿੱਤਾ ਤੇ ਉਸ ਦੇ ਮਾਲ ਜਾਇਦਾਦ ਨੂੰ ਜ਼ਬਤ ਕਰਕੇ ਮੈਂ ਹੁਕਮ ਕੀਤਾ ਉਸ ਨੂੰ (ਯਾਸਾ ਰਾਹੀਂ ਤਸੀਹੇ ਦੇ ਕੇ) ਮਾਰਿਆ ਜਾਵੇ।'

ਇਸ ਸ਼ਹੀਦੀ ਤੋਂ ਬਾਅਦ ਹਾਲਾਤ ਨੂੰ ਦੇਖਦੇ ਹੋਏ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਆਪਣੇ ਸਿੱਖਾਂ ਨੂੰ ਸ਼ਸ਼ਤਰ ਵਿਦਿਆ ਵੱਲ ਵੀ ਪ੍ਰੇਰਿਆ ।

ਔਰੰਗਜ਼ੇਬ ਬਾਦਸ਼ਾਹ ਦੀ ਹਕੂਮਤ ਸਮੇਂ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਂਣ ਦੀ ਮੁਹਿੰਮ ਤੇਜ਼ ਹੋ ਗਈ । ਉਸ ਦੇ ਜ਼ੁਲਮ ਤਸ਼ੱਦਦ ਤੋਂ ਪ੍ਰੇਸ਼ਾਨ ਹੋਏ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਫਰਿਆਦ ਲੈ ਕੇ ਆਨੰਦਪੁਰ ਸਾਹਿਬ ਆਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ ਕੇਵਲ ੯ ਵਰ੍ਹਿਆਂ ਦੇ ਸਨ, ਦੇ ਆਖਣ 'ਤੇ ਉਨ੍ਹਾਂ ਦੀ ਰਖਿਆ ਲਈ ਦਿੱਲੀ ਗਏ, ਜਿੱਥੇ ਬਾਦਸ਼ਾਹ ਦੇ ਹੁਕਮ 'ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ । ਗਰੀਬ, ਮਜ਼ਲੂਮ ਤੇ ਨਿਤਾਣਿਆਂ ਦੀ ਰਖਿਆ ਲਈ ਅਤੇ ਔਰੰਗਜ਼ੇਬ ਦੇ ਜ਼ੁਲਮ ਤਸ਼ੱਦਦ ਤੇ ਅਤਿਆਚਾਰਾਂ ਦਾ ਟਾਕਰਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਅਤੇ ਕੌਮ ਵਿੱਚ ਇੱਕ ਨਵੀਂ ਰੂਹ ਭਰ ਦਿੱਤੀ । ਗੁਰੂ ਜੀ ਦੇ ਖਾਲਸੇ ਨੇ ਇਤਿਹਾਸ ਦਾ ਰੁਖ ਬਦਲ ਕੇ ਰਖ ਦਿੱਤਾ । ਇਸ ਮੁਹਿੰਮ ਵਿੱਚ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਲਾਲਾ ਦੌਲਤ ਰਾਏ ਦੇ ਆਪਣੇ ਸ਼ਬਦਾਂ ਅਨੁਸਾਰ, 'ਔਰੰਗਜ਼ੇਬ ਦੇ ਸਮੇਂ ਤੱਕ ਹਿੰਦੂਆਂ ਤੇ ਹਿੰਦੁਸਤਾਨ ਦੀ ਅਜਿਹੀ ਦਸ਼ਾ ਹੋ ਗਈ ਸੀ ਕਿ ਸਾਰੇ ਭਾਰਤਵਰਸ਼ 'ਤੇ ਇਸਲਾਮੀ ਝੰਡਾ ਝੂਲਣ ਲੱਗ ਪਿਆ ਸੀ। ਲਹਿੰਦੇ ਪਾਸੇ ਗੁਜਰਾਤ ਤੇ ਦੁਆਰਕਾ ਤੱਕ ਇਸਲਾਮੀ ਹਕੂਮਤ ਕਾਇਮ ਹੋ ਚੁੱਕੀ ਸੀ । ਦੱਖਣ ਦੀਆਂ ਸਾਰੀਆਂ ਹਿੰਦੂ ਹਕੂਮਤਾਂ ਬਰਬਾਦ ਹੋ ਕੇ ਆਪਣੀ ਹੋਂਦ ਹੀ ਖਤਮ ਕਰ ਰਹੀਆਂ ਸਨ । ਰਾਮੇਸ਼ਵਰਮ ਵਿੱਚ ਮਸਜਿਦਾਂ ਉਸਰ ਚੁਕੀਆਂ ਸਨ, ਜਿੱਥੋਂ ਅੱਲ੍ਹਾ ਹੂ ਅਕਬਰ ਦੀਆਂ ਉਚੀਆਂ ਉਚੀਆਂ ਬਾਂਗਾਂ ਸੁਣਾਈ ਦੇ ਰਹੀਆਂ ਸਨ । ਚੜ੍ਹਦੇ ਵਿੱਚ ਉੜੀਸਾ ਤੇ ਬੰਗਾਲ ਢੇਰ ਸਮੇਂ ਤੋਂ ਇਸਲਾਮ ਦੇ ਜ਼ੋਰ ਤੇ ਜ਼ੁਲਮ ਦੇ ਅਭਿਆਸ ਦਾ ਖੇਤਰ ਬਣਿਆ ਹੋਇਆ ਸੀ । ਉਤਰ ਵਿੱਚ ਵੀ ਪਹਾੜਾਂ ਵਿੱਚ ਹਿੰਦੂ ਰਾਜਿਆਂ ਦੀ ਹਕੂਮਤ ਦਾ ਭੋਗ ਪੈ ਚੁੱਕਾ ਸੀ ਅਤੇ ਉਹ ਸਾਰੇ ਅਧੀਨ ਹੋ ਗਏ ਸਨ । ਕਸ਼ਮੀਰ ਵਿੱਚ ਇਸਲਾਮੀ ਝੰਡਾ ਲਹਿਰਾ ਰਿਹਾ ਸੀ । ਪਰ ਫਿਰ ਵੀ ਇਨ੍ਹਾਂ ਜਿੱਤਾਂ ਤੇ ਤਾਕਤੀ ਪਸਾਰੇ ਦੇ ਬਾਵਜੂਦ ਮੁਲਕ ਵਿੱਚ ਚੈਨ ਨਹੀਂ ਸੀ।'

ਉਹ ਅੱਗੇ ਲਿਖਦੇ ਹਨ, 'ਜੋ ਕੁਝ ਪਹਿਲਾਂ ਵਾਪਰ ਚੁੱਕਾ ਸੀ, ਉਸ ਨੂੰ ਭੁਲਾ ਕੇ ਜੇ ਇਕੱਲੇ ਔਰੰਗਜ਼ੇਬ ਦੀਆਂ ਕਰਤੂਤਾਂ ਹੀ ਵੇਖੀਆਂ ਜਾਣ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਸੀ ਕਿ ਹਿੰਦੂਆਂ ਦਾ ਨਾਂ ਵੀ ਹਿੰਦੁਸਤਾਨ ਦੀ ਧਰਤੀ ਤੋਂ ਉਸੇ ਤਰ੍ਹਾਂ ਮਿਟ ਜਾਂਦਾ ਜਿਵੇਂ ਕੁਰੈਸ਼ੀਆਂ ਦਾ ਅਰਬ ਵਿੱਚ ਮੇਟਿਆ ਗਿਆ ਸੀ। ਜਾਂ ਫਿਰ ਉਹੀ ਹਾਲ ਹੁੰਦਾ ਜਿਵੇਂ ਇਰਾਨ, ਤੁਰਕਿਸਤਾਨ, ਅਫਗਾਨਿਸਤਾਨ ਤੇ ਬਲੋਚਿਸਤਾਨ ਦੇ ਵਸਨੀਕ ਆਪਣੇ ਵੱਡੇ ਵਡੇਰਿਆਂ ਦੇ ਧਰਮ ਨੂੰ ਤਿਲਾਂਜਲੀ ਦੇ ਚੁੱਕੇ ਸਨ । ਇੱਥੇ ਵੀ ਸਾਰੇ ਹੀ ਹਿੰਦੂ ਆਪਣੇ ਧਰਮ ਦਾ ਤਿਆਗ ਕਰ ਦਿੰਦੇ ਤੇ ਇਸਲਾਮ ਦੀ ਜ਼ਾਲਮ ਤਲਵਾਰ ਅੱਗੇ ਸਿਰ ਨੀਵਾਂ ਕਰ ਕੇ ਆਪਣੀ ਸੰਸਕ੍ਰਿਤੀ ਤੋਂ ਹੱਥ ਧੋ ਬੈਠਦੇ ਕਿਉਂਕਿ ਹਿੰਦੂਆਂ ਵਿੱਚ ਹੁਣ ਇਸਲਾਮੀ ਜ਼ਬਰ ਤੇ ਜੋਸ਼ ਦਾ ਟਾਕਰਾ ਕਰਨ ਦੀ ਨਾ ਹਿੰਮਤ ਸੀ ਤੇ ਨਾ ਹੀ ਤਾਕਤ, ਨਾ ਹੀ ਹੌਸਲਾ ਸੀ ਤੇ ਨਾ ਹੀ ਸੂਝ, ਨਾ ਹੀ ਧਰਮ ਦਾ ਬਲ ਤੇ ਨਾ ਹੀ ਧਨ-ਬਲ ਸੀ।'

'ਫਿਰ ਐਸੀ ਨਿਰਾਸਤਾ ਵਿੱਚ

ਅਚਨਚੇਤ ਇੱਕ ਮੂਰਤ ਪ੍ਰਗਟ ਹੋਈ । ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੂਫਾਨ ਵਿਚੋਂ ਕੱਢਿਆ ਹੀ ਨਹੀਂ, ਸਗੋਂ ਕੰਢੇ 'ਤੇ ਆ ਖੜਾ ਕੀਤਾ । ਹਿੰਦੂ ਧਰਮ ਦੇ ਸੁੱਕ ਚੁੱਕੇ ਤੇ ਕੁਮਲਾ ਗਏ ਬਾਗ ਲਈ ਉਹ ਰਹਿਮਤ ਦੀ ਵਰਖਾ ਤੇ ਉਜੜ ਗਏ ਚਮਨ ਦਾ ਮਾਲੀ ਤੇ ਦਰਦ ਵੰਡਾਉਣ ਵਾਲਾ ਸੀ। ਪਰ ਉਹ ਕੌਣ ਸੀ ? ਹਾਂ ਉਹ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿੰਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂੰ ਹੈ । ਜਿਸ ਬੂਟੇ ਨੂੰ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਜਿਸ ਨੂੰ ਗੁਰੂ ਅਰਜਨ ਦੇਵ ਤੇ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਖ਼ੂਨ ਦਾ ਪਾਣੀ ਦੇ ਕੇ ਤੇ ਹੱਡੀਆਂ ਪਾ ਕੇ ਵੱਡਾ ਕੀਤਾ ਸੀ ਅਤੇ ਜਿਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਤੇ ਰੱਤ ਪਾ ਕੇ ਪਾਲਿਆ ਪੋਸਿਆ ਤੇ, ਉਸੇ ਦੀ ਸੇਵਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ, ਚਾਰ ਪੁੱਤਰਾਂ, ਪੰਜ ਪਿਆਰਿਆਂ ਅਤੇ ਹਜ਼ਾਰਾਂ ਸ਼ਰਧਾਲੂ ਸਿੱਖ ਦੁਲਾਰਿਆਂ ਦੀਆਂ ਲਹੂ ਦੀਆਂ ਵਗਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨਾਲ ਫੁੱਲ ਲੱਗ ਗਏ । ਉਹ ਫੁੱਲ ਕੀ ਸਨ ? ਉਹ ਸੀ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ-ਭਗਤੀ ਤੇ ਪ੍ਰਭੂ ਪਿਆਰ ਦੇ ਫੁੱਲ । ਇਹ ਇੱਕ ਐਸਾ ਫਲ ਸੀ ਕਿ ਜਿਸ ਦਾ ਫੁੱਲ ਅਕਾਲ-ਪੁਰਖ ਦੀ ਪੂਜਾ ਸੀ, ਜਿਸ ਦੇ ਗੁੱਦੇ ਵਿੱਚ ਕੌਮੀ ਪਿਆਰ ਸੀ ਤੇ ਜਿਸ ਦਾ ਛਿਲਕਾ ਸੀ ਦੇਸ਼-ਪਿਆਰ । ਜਿਸ ਦੀ ਗਿਟਕ ਸੀ ਭਗਤੀ-ਭਾਵ, ਜਿਸ ਦਾ ਮਿੱਠਾ ਰਸ ਸੀ ਕੌਮੀਅਤ ।' ਉਹ ਅੱਗੇ ਲਿਖਦੇ ਹਨ ਕਿ ਕਿਸੇ ਕਵੀ ਨੇ ਠੀਕ ਆਖਿਆ ਹੈ:

*ਨਾ ਕਹੋਂ ਅਬ ਕੀ ਨਾ ਕਹੋਂ ਤਬ ਕੀ ।*
*ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ*
*ਸੁੰਨਤ ਹੋਤੀ ਸਭ ਕੀ ।*

ਲਾਲਾ ਦੌਲਤ ਰਾਇ ਨੇ ਕਈ ਅੰਗਰੇਜ਼ ਵਿਦਵਾਨਾਂ ਦੇ ਵੀ ਇਸ ਤਰ੍ਹਾਂ ਦੇ ਹਵਾਲੇ ਦਿਤੇ ਹਨ । ਲਾਲਾ ਜੀ ਦੇ ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜੇ ਕਰ ਗੁਰੂ ਸਾਹਿਬਾਨ ਅਵਤਾਰ ਨਾ ਧਾਰਦੇ ਤਾਂ ਸਾਰਾ ਹਿੰਦੂਸਤਾਨ, ਜਿਸ ਵਿੱਚ ਪਾਕਿਸਤਾਨ ਤੇ ਬੰਗਲਾ ਦੇਸ਼ ਵਾਲੇ ਖੇਤਰ ਵੀ ਸ਼ਾਮਿਲ ਸੀ, ਇਸਲਾਮੀ ਦੇਸ਼ ਬਣ ਗਿਆ ਹੁੰਦਾ । (ਇਸ ਹਾਲਤ ਵਿੱਚ ਪਾਕਿਸਤਾਨ ਬਣਾਉਣ ਦੀ ਮੰਗ ਹੀ ਨਹੀਂ ਉਠਣੀ ਸੀ)। ਇਹੀ ਕਾਰਨ ਹੈ ਕਿ ਮੁਗਲ ਹੁਕਮਰਾਨਾਂ ਅਤੇ ਪੱਛਮ ਵੱਲੋਂ ਆਉਣ ਵਾਲੇ ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਵਰਗੇ ਮੁਸਲਮਾਨ ਹਮਲਾਵਰਾਂ ਨੇ ਹਿੰਦੂਆਂ ਨੂੰ ਕੁਝ ਨਹੀਂ ਕਿਹਾ, ਸਗੋਂ ਕੇਵਲ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਯਤਨ ਕਰਦੇ ਰਹੇ । ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ, ਜਿਸ ਕਾਰਨ ਸਿੰਘ ਜੰਗਲਾਂ ਵਿੱਚ ਰਹਿ ਕੇ ਮੁਕਾਬਲਾ ਕਰਦੇ ਰਹੇ । ਇਸ ਲੜੀ ਵਿੱਚ ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ, ਹਠੀ, ਜਪੀ, ਤਪੀ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ... ਸ਼ਾਮਿਲ ਹਨ ।

ਪ੍ਰਸਿੱਧ ਪੰਥਕ ਵਿਦਵਾਨ ਮਰਹੂਮ ਗਿਆਨੀ ਸੰਤ ਸਿੰਘ ਮਸਕੀਨ ਆਪਣੀਆਂ ਕਈ ਕਥਾਵਾਂ ਵਿੱਚ ਨਾਮਵਾਰ ਸਿੱਖ ਵਿਦਵਾਨ

ਮਹਾਂਕਵੀ ਸੰਤੋਖ ਸਿੰਘ ਜੀ ਦੀ ਹੇਠ ਲਿਖੀ ਲਿਖਤ ਦਾ ਹਵਾਲਾ ਦਿਆ ਕਰਦੇ ਸਨ :

*ਛਾਏ ਜਾਤੀ ਏਕਤਾ ਅਨੇਕਤਾ ਬਿਲਾਏ ਜਾਤੀ*
*ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ ।*
*ਪਾਪ ਪ੍ਰਪਕ ਜਾਤੇ ਧਰਮ ਧਮਕ ਜਾਤੇ,*
*ਵਰਨ ਗਰਕ ਜਾਤੇ ਸਤਿ ਬਿਧਾਨ ਕੀ ।*
*ਦੇਵੀ ਦੇਵ ਦੇਹਰੇ ਸੰਤੋਖ ਸਿੰਘ ਦੂਰ ਹੋਤੇ,*
*ਰੀਤ ਮਿਟ ਜਾਤੀ ਸਭ ਬੇਦਨ ਪੁਰਾਨ ਕੀ ।*
*ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਸੁਰ,*
*ਮੂਰਤ ਨ ਹੋਤੀ ਜੋ ਪੈ ਕਰਨਾ ਨਿਧਾਨ ਕੀ॥*

ਉਪਰੋਕਤ ਲਿਖਤ ਦਾ ਹਵਾਲਾ ਦੇ ਕੇ ਮਸਕੀਨ ਜੀ ਆਖਦੇ ਕਿ ਜੇ ਕਰ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਨਾ ਧਾਰਦੇ ਤਾਂ ਇਸਲਾਮੀ ਹਮਲਵਾਰਾਂ ਤੇ ਹੁਕਮਰਾਨਾਂ ਨੇ ਸਾਰਾ ਹਿੰਦੁਸਤਾਨ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਲੈਣਾ ਸੀ ਜਿਵੇਂ ਉਹਨਾਂ ਨੇ ਪਹਿਲਾਂ ਇਰਾਨ, ਅਫਗਾਨਿਸਤਾਨ ਆਦਿ ਕਈ ਦੇਸ਼ਾਂ ਨੂੰ ਤਲਵਾਰ ਦੇ ਜ਼ੋਰ ਨਾਲ ਇਸਲਾਮੀ ਦੇਸ਼ ਬਣਾ ਲਿਆ ਸੀ । ਫਿਰ ਭਾਵੇਂ ਇਸ ਦਾ ਨਾਂ ਹਿੰਦੁਸਤਾਨ ਹੀ ਰਹਿੰਦਾ, ਪਰ ਇੱਕ ਮੁਸਲਮਾਨੀ ਦੇਸ਼ ਹੋਣਾ ਸੀ, ਭਾਵ ਅੱਜ ਵਾਲਾ ਸਾਰਾ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਸਮੇਤ ਭਾਰਤੀ ਉਪ-ਮਹਾਂਦੀਪ ਇਕੋ ਇਸਲਾਮੀ ਦੇਸ਼ ਹੋਣਾ ਸੀ ਜਾਂ ਕਹੀਏ ਕਿ ਸਾਰਾ ਭਾਰਤੀ ਉਪ-ਮਹਾਂਦੀਪ ਹੀ ਪਾਕਿਸਤਾਨ ਹੋਣਾ ਸੀ । ਕੀ ਭਾਰਤ ਵਾਸੀ ਹਿੰਦੂ ਧਰਮ ਦੀ ਰਖਿਆ ਅਤੇ ਇਸ ਦੇਸ਼ ਦੀ ਬਹੁ-ਧਰਮੀ ਚਰਿਤਰ (ਜਿਸ ਕਾਰਨ ਅੱਜ ਇਹ ਇੱਕ ਧਰਮ-ਨਿਰਪੇਖ ਦੇਸ਼ ਹੈ) ਤੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤੀ ਬਚਾਉਣ ਵਾਸਤੇ ਗੁਰੂ ਸਾਹਿਬਾਨ ਅਤੇ ਪਿਛੋਂ ਉਨ੍ਹਾਂ ਦੇ ਬਹਾਦਰ ਯੋਧੇ ਸਿੰਘਾਂ ਵੱਲੋਂ ਕੀਤੀਆਂ ਮਹਾਨ ਕੁਰਬਾਨੀਆਂ ਨੂੰ ਅੱਖੋਂ ਪਰੋਖੇ ਕਰ ਸਕਦੇ ਹਨ ।

+++


# ਸ੍ਰੀ ਦੁਸੈਹਰਾ ਮਹਾਤਮ

❋ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵੱਲੋਂ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਸਰਪ੍ਰਸਤੀ ਹੇਠ ਬਹੁਰੰਗੇ ਸੁੰਦਰ ਅਤੇ ਆਕਰਸ਼ਕ ਢੰਗ ਨਾਲ ਪਹਿਲੀ ਵਾਰ ਸ੍ਰੀ ਦੁਸੈਹਰਾ ਮਹਾਤਮ ਦੀਆਂ ਪਾਵਨ ਪੋਥੀਆਂ ਤਿਆਰ ਕੀਤੀਆਂ ਗਈਆਂ ਹਨ ਜੋ ਲਾਗਤ ਤੋਂ ਵੀ ਘੱਟ ਭੇਟਾ ੫੦੦/- ਰੁਪੈ ਤੇ ਉਪਲਬੱਧ ਹਨ ।

ਮਿਲਣ ਦਾ ਪਤਾ:

*Superintendent,*
*Gurdwara Takhat Sachkhand Sri Hazur*
*Abchalnagar Sahib, Nanded-431601 (M.S.) INDIA*
Ph.-(02462)-234813,243559,241266,244166. Fax No.-02462-234812.
**E-mail:- contact@hazursahib.com Visit us at:- http://www.hazursahib.com.**

# (ਦੱਖਣੀ ਸਿੰਘਾਂ ਦਾ ਅਨਲਿਖਿਤ ਪਿਛੋਕੜ) ਇਤਿਹਾਸਿਕ ਸੱਚਾਈ

*– ਸ੍ਰ: ਮਹਿੰਦਰ ਸਿੰਘ ਮਠਾਰੂ 'ਚਿਤਾਰ'* *

ਨਾਂਦੇੜ 'ਸੱਚਖੰਡ' ਗੁਰਦੁਆਰੇ ਦਰਸ਼ਨ ਕਰਨ ਲਈ ਪਿਛਲੇ ਕਈ ਸਾਲਾਂ ਤੋਂ ਸਮੇਤ ਪਰਿਵਾਰ ਜਾਂਦੇ ਰਹੇ ਹਾਂ । ਕਈ ਵਾਰੀ ਗੁਰਦੁਆਰੇ ਦੀ ਲਾਇਬਰੇਰੀ ਦੀ ਖਾਕ ਵੀ ਛਾਣੀ, ਬੇਤਰਤੀਬ ਢੰਗ ਨਾਲ ਰੱਖੀਆਂ ਇਤਿਹਾਸਿਕ ਪੁਸਤਕਾਂ ਵਿਚੋਂ ਜਾਣਕਾਰੀ ਹਾਸਿਲ ਕਰਨ ਦੇ ਯਤਨ ਕੀਤੇ ਗਏ, ਹਰ ਵਾਰ ਸਮੇਂ ਦੀ ਘਾਟ ਨੇ ਕੰਮ ਸਿਰੇ ਚੜਨ ਨਹੀਂ ਦਿੱਤਾ। ਸਮੇਂ ਨਾਲ ਸਾਡੀ ਜਿਗਿਆਸਾ ਵੱਧਦੀ ਗਈ, ਤਿੰਨ ਜਾਂ ਚਾਰ ਦਸ਼ਕ ਪਹਿਲਾਂ ਸਾਡੀ ਜਿਗਿਆਸਾ ਨੂੰ ਪਹਿਲੀ ਵਾਰੀ ਰੋਸ਼ਨੀ ਦਿਖਾਈ ਦਿੱਤੀ, ਪੰਜਾਬ ਦੇ ਦੁਆਬੇ ਤੋਂ ਆਏ 'ਮਾਤਾ ਸਾਹਿਬ' ਗੁਰਦੁਆਰੇ ਦੇ ਗਿਆਨੀ ਜੀ ਨੇ ਪਿਛੋਕੜ ਦੀ ਜਾਣਕਾਰੀ ਦਿੱਤੀ, ਸਾਡਾ ਸਮਾਧਾਨ ਅਧੂਰਾ ਹੀ ਹੋ ਸਕਿਆ । ਨਾਂਦੇੜ ਵਿਖੇ ਹੀ ਅੰਮ੍ਰਿਤਸਰ ਤੋਂ ਪੜ੍ਹਾਈ-ਲਿਖਾਈ ਪੂਰੀ ਕਰਨ ਵਾਲੇ ਦੱਖਣੀ ਸਿੰਘ ਜੀ ਨਾਲ ਉਹਨਾਂ ਦੀ ਦੁਕਾਨ, ਜੋ ਸੱਚਖੰਡ ਤੋਂ ਗੋਦਾਵਰੀ ਨਦੀ ਵੱਲ ਜਾਂਦਿਆਂ ਵਿਚਕਾਰ ਪੈਂਦੀ ਸੀ, ਮੁਲਾਕਾਤ ਹੋਈ ਬੜੀ ਹੀ ਮੂਲਵਾਨ ਜਾਣਕਾਰੀ ਮਿਲੀ, ਉਹਨਾਂ ਕੋਲ ਪੁਸਤਕਾਂ ਦਾ ਬਹੁਤ ਵੱਡਾ ਗੁਦਾਮ ਵਰਗਾ ਭੰਡਾਰ ਸੀ, ਸਮੇਂ ਦੀ ਲੋੜ ਅਨੁਸਾਰ ਕੁਝ ਪੁਸਤਕਾਂ ਪ੍ਰਾਪਤ ਹੋ ਗਈਆਂ ਸਨ, ਜਿਹਨਾਂ ਦਾ ਅਧਿਅਨ ਕਰਨ ਬਾਦ ਹੋਰ ਜਾਣਕਾਰੀ ਲਈ ਕੁੱਝ ਸਾਲਾਂ ਬਾਦ ਉਸ ਸੱਜਨ ਕੋਲ ਮੁੜ ਪਹੁੰਚ ਗਏ, ਉਦੋਂ ਤੱਕ ਦੁਕਾਨ ਵਿਕ ਚੁੱਕੀ ਸੀ । ਸਾਡੀ ਖੋਜ ਅਧਰ ਵਿੱਚ ਅਟਕ ਕੇ ਰਹਿ ਗਈ ।

* ਬੀ-੦੩, ਕਾਟੇ ਰੈਸੀਡੈਂਸੀ, ਦਾਪੋਡੀ,
ਪੂਨਾ – ੪੧੧੦੧੨

੩੦੦ ਸਾਲਾ ਗੁਰਤਾ ਦਿਵਸ ਦਾ ਸਮਾਂ ਨੇੜੇ ਆ ਰਿਹਾ ਸੀ, ਨਾਂਦੇੜ ਸ਼ਹਿਰ ਦਾ ਕਾਇਆ-ਕਲਮ ਕਰਨ ਦੀ ਯੋਜਨਾ ਭਾਰਤ ਅਤੇ ਮਹਾਰਾਸ਼ਟਰਾ ਸਰਕਾਰਾਂ ਮਿਲ ਕੇ ਕਰਨ ਵਾਲੀਆਂ ਸਨ । ਇਸ ਸਿਲਸਿਲੇ ਵਿੱਚ ਸਾਡਾ ਨਾਂਦੇੜ ਜਾਣ ਦਾ ਮਾਰਗ ਵੀ ਅਕਾਲ-ਪੁਰਖ ਜੀ ਨੇ ਖੋਲ੍ਹ ਦਿੱਤਾ । ਨਾਂਦੇੜ ਗੁਰਦੁਆਰੇ ਦੇ ਗ੍ਰੰਥੀ ਜੀ ਨੇ 'ਸੱਚਖੰਡ ਪੱਤਰ' ਵਿੱਚ ਬੁੰਗਿਆਂ ਬਾਰੇ ਆਪਣੇ ਖੋਜੀ ਵਿਚਾਰ ਲਿਖੇ ਸਨ, ਜੋ ਸਾਡੇ ਲਈ ਸ਼ਾਇਦ ਇਤਨੀ ਜਾਣਕਾਰੀ ਵਾਲੇ ਨਹੀਂ ਸਨ, ਇਸ ਲਈ ਅਸੀਂ ਆਪ ਗੁਰਮੁਖਾਂ ਨਾਲ ਮੁਲਾਕਾਤ ਵੀ ਕੀਤੀ, ਪਰ ਹੱਥ ਪੱਲੇ ਕੁਝ ਵੀ ਨਹੀਂ ਪਿਆ। ਅਚਾਨਕ ਹੀ ਇੱਕ ਹੋਰ ਜਾਣਕਾਰੀ ਦੇਣ ਵਾਲੇ ਗੁਰੂ ਘਰ ਦੇ ਪ੍ਰੇਮੀ ਨਾਲ ਵਿਚਾਰ ਸਾਂਝੇ ਹੋ ਹੀ ਗਏ ਅਤੇ ਮਾਰਗ ਦਰਸ਼ਨ ਵੀ ਮਿਲਿਆ ਇਸ ਸ਼ਰਤ ਨਾਲ ਕਿ ਸਾਡਾ ਜ਼ਿਕਰ ਕਿਤੇ ਵੀ ਨਹੀਂ ਕੀਤਾ ਜਾਏਗਾ । ਹੋਰ ਸਹਿਯੋਗ ਦੇਣ ਵਾਲੇ ਕੁਝ ਆਧੁਨਿਕ ਵੀਚਾਰ-ਧਾਰਾ ਦੇ ਦੱਖਣੀ ਵਿਦਵਾਨਾਂ ਦਾ ਸਹਿਯੋਗ ਮਿਲਿਆ ਜਿਹਨਾਂ ਦੇ ਦਿਲਾਂ ਵਿੱਚ ਸਿੱਖੀ ਲਈ ਅਪਾਰ ਸ਼ਰਧਾ ਹੈ । ਬੜੀ ਮੂਲਵਾਨ ਜਾਣਕਾਰੀ ਨਿਜ਼ਾਮ ਦੇ ਮਿਊਜ਼ੀਅਮ 'ਸਾਲਾਰਜੰਗ' ਰਾਹੀਂ ਪ੍ਰਾਪਤ ਹੋਈ । ਸਭ ਤੋਂ ਵੱਡਾ ਯੋਗਦਾਨ ਪੂਨੇ ਦੀ 'ਭੰਡਾਰਕਰ ਇੰਸਟੀਚਿਊਟ' ਦਾ ਰਿਹਾ ਜਿਨ੍ਹਾਂ ਕੋਲ ਇਤਿਹਾਸਿਕ ਖੋਜੀਆਂ ਲਈ ਬਹੁਤ ਵੱਡਾ ਖਜ਼ਾਨਾ ਉਪਲੱਬਧ ਹੈ ।

ਦੰਤ ਕਥਾਵਾਂ ਅਨੁਸਰ ਦੱਖਣ ਦੇ ਇਸ ਸ਼ਹਿਰ ਨੂੰ 'ਨਾਂਦੇਰ' ਕਰਕੇ ਜਾਣਿਆ ਜਾਂਦਾ ਸੀ। ਤੀਸਰੀ ਸਦੀ ਦੇ ਸਮੇਂ ਉਤਰ ਪੂਰਬ ਭਾਰਤ ਵਿੱਚ

'ਮੌਰਿਆ ਬੰਸ' ਦੇ ਬਹੁਤ ਸ਼ਕਤੀ-ਸ਼ਾਲੀ ਰਾਜੇ 'ਚੰਦਰਗੁਪਤ' ਨੇ ਰਾਜ ਕੀਤਾ ਸੀ। ਸਮਾਂ ਪਾ ਇਸ ਖਾਨਦਾਨ ਦੇ 'ਨੰਦਾ ਰਾਜੇ' ਨੇ ਇਸ ਸ਼ਹਿਰ ਤੇ ਆਪਣਾ ਰਾਜ ਕਾਇਮ ਕਰ ਹਿੰਦੂ ਸੰਸਕ੍ਰਿਤੀ ਦਾ ਬੜਾ ਹੀ ਗਹਿਰਾ ਪ੍ਰਭਾਵ ਪਾਇਆ ਸੀ। ੧੩੪੭ ਨੂੰ ਤੁਰਕੀ ਨਿਵਾਸੀ 'ਅਲਾਉਦੀਨ ਬਾਹਮਨ ਸ਼ਾਹ' ਨੇ ਇਸ ਇਲਾਕੇ ਵਿੱਚ ਆਪਣੀ ਹਕੂਮਤ ਕਾਇਮ ਕਰ ਲਈ ਸੀ। ਬਾਹਮਨੀ ਰਾਜ ਦੀ ਹਕੂਮਤ ੧੫੧੨ ਤੱਕ ਰਹੀ ਦੱਸੀ ਜਾਂਦੀ ਹੈ। ਸਮਾਂ ਪਾ ਇਸ ਇਲਾਕੇ ਦੇ ਪੰਜ ਸੁਲਤਾਨਾਂ ਨੇ ਦੱਖਣੀ ਬੀਜਾਪੁਰ, ਗੋਲਕੁੰਡਾ, ਅਹਿਮਦਨਗਰ, ਬਰਾਰ ਅਤੇ ਬਿਦਰ ਤੇ ਆਪਣੀ ਆਪਣੀ ਵੱਖਰੀ ਹਕੂਮਤ ਸਥਾਪਿਤ ਕਰ ਲਈ ਜਿਸ ਵਿੱਚੋਂ ਬਿਦਰ ਰਾਜ ਸਭ ਤੋਂ ਛੋਟਾ ਰਾਜ ਸੀ। ਇਹ ਉਹ ਇਲਾਕਾ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਣੀ ਦਾ ਸੋਮਾਂ ਪ੍ਰਗਟ ਕੀਤਾ ਸੀ, ਅੱਜ ਇਸ ਅਸਥਾਨ ਤੇ ਸਿੱਖਾਂ ਦਾ ਮਹਾਨ ਗੁਰਦੁਆਰਾ ਹੈ ਜਿਸ ਦੀ ਭਾਲ ਕੁੱਝ ਖੋਜੀ ਗੁਰਸਿੱਖਾਂ ਨੇ ਉਨੀਵੀਂ ਸਦੀ ਦੇ ਆਰੰਭ ਵਿੱਚ ਕੀਤੀ ਸੀ, ਦੱਖਣ ਦੇ ਸ਼ਹਿਰ ਹੈਦਰਾਬਾਦ ਨਿਜ਼ਾਮ ਦੁਆਰਾ ਸਥਾਪਿਤ ਸਲਾਰਜੰਗ ਮਿਉਜ਼ੀਅਮ ਵਿਚੋਂ ਫਾਰਸੀ ਦੇ ਦਸਤਾਵੇਜਾਂ ਤੋਂ ਪਤਾ ਲਗਾਇਆ ਗਿਆ ਜੋ ਵਿਸਥਾਰ ਨਾਲ ਝੀਰਾ ਸਾਹਿਬ ਜੀ ਦੀ ਭੌਤਿਕ ਸਥਿਤੀ ਬਾਰੇ ਜਾਣਕਾਰੀ ਦਿੰਦਾ ਸੀ ਜੋ ਅੱਜ ਸਿੱਖ-ਪੰਥੀਆਂ ਵਿੱਚ 'ਨਾਨਕ ਝੀਰਾ ਸਾਹਿਬ' ਬਿਦਰ (ਕਰਨਾਟਕ) ਦੇ ਨਾਮ ਨਾਲ ਪ੍ਰਸਿੱਧ ਹੈ। ਬਾਬੇ ਨਾਨਕ ਨੇ ਬਿਦਰ ਤੋਂ ਨਾਂਦੇੜ ਆਉਂਦੇ ਹੋਏ ਗੋਦਾਵਰੀ ਦੇ ਉਤਰ ਵਾਲੇ ਪਾਸੇ ਰੁਕੇ ਸਨ, ਪ੍ਰੇਮੀਆਂ ਵੱਲੋਂ ਮਿਲੀਆਂ ਭੇਟਾ ਦਾ ਖਜਾਨਾਂ ਇਸ ਜਗ੍ਹਾ ਜ਼ਮੀਨ ਹੇਠ ਦੱਬ ਦਿੱਤਾ ਸੀ। ਬਿਦਰ ਦੇ ਸੁਲਤਾਨ 'ਕਾਸਿਮ ਬਰੀਦ' ਜਿਸਨੇ ੧੪੯੨ ਵਿੱਚ ਬਾਹਮਨੀ ਰਾਜ ਤੋਂ ਅਲੱਗ ਹੋ 'ਬਰੀਦਸ਼ਾਹੀ' ਹਕੂਮਤ ਕਾਇਮ ਕਰ ਲਈ, ਜਿਸਦਾ ਅੰਤ 'ਆਦਿਲਸ਼ਾਹੀ' ਹਕੂਮਤ ਨੇ ੧੬੧੯ ਵਿੱਚ ਕਰ ਦਿੱਤਾ, ;ਅਤੇ ਬੜਾ ਹੀ ਸ਼ਕਤੀਸ਼ਾਲੀ ਰਾਜ ਕਾਇਮ ਕਰ ਲਿਆ। ਦਿੱਲੀ ਦੇ ਮੁਗਲ ਬਾਦਸ਼ਾਹ 'ਸ਼ਾਹਜਹਾਨ' ਨੇ ੧੫੯੨ ਤੋਂ ੧੬੦੬ ਤੱਕ ਦੱਖਣ ਵੱਲ ਧਿਆਨ ਦਿੱਤਾ ਪਰ ਕੁਝ ਹਾਸਿਲ ਨਾ ਹੋ ਸਕਿਆ। ਸਵਰਾਜ ਦਾ ਸੁਪਨਾ ਦੇਖਣ ਅਤੇ ਹਕੀਕਤ ਵਿੱਚ ਲਿਆਉਣ ਵਾਲੇ ਰਾਜਾ ਛੱਤਰਪਤੀ 'ਸ਼ਿਵਾਜੀ ਭੋਸਲੇ' (ਜਨਮ ੧੬੩੦ ਮ੍ਰਿਤਯੂ ੧੬੮੦) ਨੇ ਬਹੁਤ ਸਾਰੇ ਇਲਾਕਿਆਂ ਤੇ ਆਪਣਾ ਕਬਜ਼ਾ ਕਰ ਲਿਆ ਸੀ। ਆਖਰੀ ਸ਼ਕਤੀਸ਼ਾਲੀ ਮੁਗਲ ਬਾਦਸ਼ਾਹ ਔਰੰਗਜੇਬ ਨੇ ਦੱਖਣ ਵੱਲ ਕੂਚ ਕਰ ਕੁਝ ਇਲਾਕਾ ਮੁਗਲ ਸਲਤਨਤ ਵਿੱਚ ਮਿਲਾ ਲਿਆ। ਸਮਾਂ ਪਾ ਮੁਗਲ ਸਲਤਨਤ ਨੂੰ ਈਰਾਨੀ, ਪਠਾਣਾਂ, ਮਰਾਠੇ ਅਤੇ ਸਿੱਖਾਂ ਦੇ ਬਾਦ ਵਿੱਚ ਅੰਗਰੇਜਾਂ ਨੇ ਮਿਲ ਕੇ ਖਤਮ ਹੀ ਕਰ ਦਿੱਤਾ। ਦੱਖਣ ਦੀਆਂ ਕੁਝ ਰਿਆਸਤਾਂ ਅੰਗਰੇਜੀ ਰਾਜ ਦੀਆਂ ਸਹਿਯੋਗੀ ਬਣ ਗਈਆਂ ਜਿਨ੍ਹਾਂ ਵਿਚੋਂ 'ਦੱਖਣ ਹੈਦਰਾਬਾਦ ਦਾ ਨਿਜਾਮ' ਵੀ ਸੀ, ਜਿਸਦੀ ਰਿਆਸਤ ਵਿੱਚ ਨਾਂਦੇੜ ਸ਼ਹਿਰ ਆਉਂਦਾ ਸੀ।

੧੯੬੦ ਨੂੰ ਆਜ਼ਾਦ ਭਾਰਤ ਵਿੱਚ ਨਵਾਂ ਰਾਜ 'ਮਹਾਰਾਸ਼ਟਰਾ' ਬਣਿਆ ਜੋ ਕਿਸੇ ਸਮੇਂ ਬਹੁਤ ਹੀ ਸੀਮਿਤ ਇਲਾਕਾ ਸੀ ਅਤੇ 'ਬੰਬੇ ਸਟੇਟ' ਕਰਕੇ ਜਾਣਿਆ ਜਾਂਦਾ ਸੀ, ਬੰਬਈ ਇਸ ਦੀ ਰਾਜਧਾਨੀ ਸੀ ਜੋ ਅੱਜ ਮਹਾਰਾਸ਼ਟਰਾ ਸਟੇਟ ਦੀ ਰਾਜਧਾਨੀ 'ਮੁੰਬਈ' ਕਰਕੇ ਜਾਣੀ ਜਾਂਦੀ ਹੈ, ਜਿਸਨੂੰ ਭਾਰਤ ਦੀ ਆਰਥਿਕ ਰਾਜਧਾਨੀ ਕਰਕੇ ਵੀ ਜਾਣਿਆ ਜਾਂਦਾ ਹੈ। ਇਸੇ ਰਾਜ ਦੇ ਦੱਖਣ ਪੱਛਮ ਦੇ ਇਲਾਕੇ ਵਿੱਚ ਅੱਜ ਦਾ ਆਧੁਨਿਕ ਅਤੇ ਸਿੱਖ ਪੰਥ ਵੱਲੋਂ ਮਾਨਤਾ ਪ੍ਰਾਪਤ 'ਤਖ਼ਤ ਸਾਹਿਬ' ਸ਼ਹਿਰ ਨਾਂਦੇੜ ਸਥਿਤ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਪ੍ਰਕਾਸ਼

੧੬੬੬ ਜੋਤੀ ਜੋਤ ੧੭੦੮) ਨੇ ਦੱਖਣ ਵੱਲ ਜਾਣ ਦਾ ਨਿਰਣਾ ਲਿਆ ਤਾਂ ਬਹੁਤ ਸਾਰੇ ਗੁਰਸਿੱਖ ਥੋੜੇ ਸਕਤੇ ਵਿੱਚ ਆ ਗਏ ਸਨ। ਇਸ ਤੋਂ ਸਾਫ ਹੁੰਦਾ ਹੈ ਕਿ ਅਗ੍ਹਾਂ ਬਹੁਤ ਕੁਝ ਘਟਣ ਵਾਲਾ ਸੀ । ਗੁਰੂ ਗੋਬਿੰਦ ਸਿੰਘ ਜੀ ਨੂੰ ਔਰੰਗਜੇਬ ਦੇ ਮਰਨ ਦੀ ਖ਼ਬਰ ਮਾਰਚ ੧੭੦੭ ਵਿੱਚ ਰਾਜਸਥਾਨ ਦੇ ਸ਼ਹਿਰ 'ਭਰੌੜ' ਵਿੱਚ ਹੀ ਮਿਲ ਗਈ । ਗੁਰੂ ਜੀ ਦੀ ਰਚਨਾ 'ਜ਼ਫਰਨਾਮਾ' ਔਰੰਗੇ ਨੂੰ ਲਿਖਿਤ ਰੂਪ ਵਿੱਚ ਨਸੀਹਤ ਭੇਜੀ ਗਈ, ਜੋ ਉਸਦੇ ਹੀ ਔਹਦੇਦਾਰਾਂ ਦੀ ਧਰਮ ਦੀ ਓਟ ਲੈ ਵਾਇਦਾ-ਖਿਲਾਫੀ ਕਰਨ ਦੀ ਅਸਲੀਅਤ ਬਿਆਨ ਕਰਦੀ ਹੈ । ਕਈ ਇਤਿਹਾਸਕਾਰ ਲਿਖਦੇ ਹਨ ਕਿ ਇਸ ਨੂੰ ਪੜ੍ਹ ਔਰੰਗਜੇਬ ਦੇ ਮਨ ਵਿੱਚ ਪਛਤਾਵਾ ਹੋਇਆ ਉਸ ਨੇ ਗੁਰੂ ਜੀ ਨੂੰ ਦੱਖਣ ਮਿਲਣ ਵਾਸਤੇ ਸੱਦਾ ਭੇਜਿਆ, ਇਸ ਤਰ੍ਹਾਂ ਨਾ ਹੋ ਸਕਿਆ ਅਤੇ ਔਰੰਗਜੇਬ ਦੱਖਣ ਦੇ ਔਰੰਗਾਬਾਦ ਕਸਬੇ ਦੇ ਨੇੜੇ ਹੀ ਮਰ ;ਗਿਆ। ਮੁਗਲ ਸ਼ਹਜਾਦਿਆਂ ਵਿੱਚ ਗੱਦੀ ਵਾਸਤੇ ਆਪਸੀ ਜੰਗਾਂ ਦੀ ਸ਼ੁਰੂਆਤ ਹੋ ਰਹੀ ਸੀ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਗਰਾ ਅਤੇ ਧੌਲਪੁਰ ਵਿਚਕਾਰ ਜੂਨ ੧੭੦੭ ਨੂੰ 'ਜਾਜੂ' ਦੇ ਮੈਦਾਨੇ ਜੰਗ ਵਿੱਚ ਸ਼ਹਿਜਾਦੇ 'ਮੌਆਜਮ' ਦੀ ਐਨ ਮੌਕੇ ਸਿਰ ਮਦਦ ਕਰ ਜਿੱਤ ਦੁਆਈ ਸੀ । ਅਗਸਤ ੧੭੦੭ ਆਗਰੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ, ਨਵੇਂ ਬਣੇ ਸਹਿਨਸ਼ਾਹ ਬਹਾਦੁਰ ਸ਼ਾਹ ਨਾਲ ਮੁਲਾਕਾਤ ਹੋਈ, ਇਸ ਸਹਿਨਸ਼ਾਹ ਨੇ ਗੁਰੂ ਜੀ ਨੂੰ 'ਦਰਵੇਸ਼' ਸੰਬੋਧਿਤ ਕਰ, ਮਾਣ ਦਿੱਤਾ । ਇਤਿਹਾਸ ਦੇ ਪੰਨੇ ਦੱਸਦੇ ਹਨ ਕਿ ਬਹਾਦਰ ਸ਼ਾਹ ਨਾਲ ਕੀਤੀ ਮੁਲਾਕਾਤ ਗੁਰੂ ਜੀ ਦੇ ਕਿਸੇ ਕੰਮ ਨਾ ਆਈ ਕਿਉਂਕਿ ਬਾਦਸ਼ਾਹ ਬਹੁਤ ਹੀ ਕਮਜ਼ੋਰ ਸਾਬਿਤ ਹੋਇਆ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਲਾਹ ਨਾਲ ਆਪਣੀਆਂ ਫੌਜਾਂ ਦੱਖਣੀ ਹੈਦਰਾਬਾਦ ਲੈ ਜਾਣ ਲਈ ਤਿਆਰ ਹੋ ਗਿਆ, ਨਾਂਦੇੜ ਪਹੁੰਚਣ ਬਾਦ ਕੁਝ ਦੇਰ ਗੁਰੂ ਜੀ ਨਾਲ ਰਿਹਾ ਬਾਦ ਵਿੱਚ ਅਗ੍ਹਾਂ ਟੁਰ ਗਿਆ । ਗੁਰੂ ਜੀ ਨਾਂਦੇੜ ਰੁਕ ਗਏ, ਜਿਨ੍ਹਾਂ ਨਾਲ ਗੁਰੂ ਦੇ ਲਾਡਲੇ ੩੦੦ ਨਿਹੰਗ ਸਿੰਘ, ਪੰਜਾਬ ਤੋਂ ਕਵੀ, ਫਿਲਾਸਫਰ, ਵਿਦਵਾਨ, ਸੰਗੀਤਕਾਰ, ਰਸੋਈਏ ਅਤੇ ਹੋਰ ਅਹਿਲਕਾਰ ਵੀ ਸੇਵਾ ਕਰਨ ਲਈ ਆਏ ਸਨ । ਕੋਈ ਨਹੀਂ ਸੀ ਜਾਣਦਾ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਆਖਰੀ ਮੰਜ਼ਿਲ ਹੋਵੇਗੀ ।

ਨਾਂਦੇੜ ਦੇ ਨਿਵਾਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਝਲਕ ਦਾ ਇਤਿਹਾਸ ਬਹੁਤ ਹੀ ਵਿਸਥਾਰ ਨਾਲ ਮਿਲਦਾ ਹੈ । ਕਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਦਰਬਾਰ ਲਗਾਉਣੇ, ਸਵੇਰੇ ਸ਼ਾਮ ਬਾਣੀ ਦਾ ਪ੍ਰਵਾਹ, ਕੀਰਤਨ ਰਾਹੀਂ ਕਰਨਾ, ਸਥਾਨਿਕ ਸੰਗਤਾਂ ਨੇ ਹੁਮ ਹੁਮਾ ਕੇ ਹਾਜ਼ਰੀ ਲਗਾਉਣੀ । ਕਿਵੇਂ ਸ਼ਿਕਾਰ ਕਰ ਕਲਿਆਣ ਕੀਤਾ ਅਤੇ ਸੰਗਤ ਨੂੰ ਇੱਕ ਦੂਜੇ ਨਾਲ ਜੋੜਿਆ । ਲੜਾਕੂ ਫੌਜਾਂ ਨੂੰ ਉਨ੍ਹਾਂ ਦਾ ਮੇਹਨਤਾਨਾ ਢਾਲਾਂ ਭਰ-ਭਰ ਕੇ ਦਿੱਤਾ । ਸਮੇਂ ਦੇ ਹੁਕਮਰਾਨ ਤੇ ਆਪਣੀ ਸਖਸ਼ੀਅਤ ਦਾ ਪ੍ਰਭਾਵ ਪਾ ਜਗ੍ਹਾ ਬਨਾਉਣ ਵਾਸਤੇ ਹੁਕਮਰਾਨਾਂ ਵੱਲੋਂ ਬੇਨਤੀ ਕਰਨ ਦਾ ਕਰਿਸ਼ਮਾ ਕਰਨਾ, ਗੋਦਾਵਰੀ ਦੇ ਕੰਢੇ ਤੋਂ ਤੀਰ ਚਲਾ ਸੱਚਖੰਡ ਪ੍ਰਗਟ ਕਰਨਾ, ਮੁੱਕਰ ਜਾਣ ਦੇ ਲੜਨ ਦੀ ਤਾਕਤ ਦਾ ਪ੍ਰਭਾਵ ਪਾ ਜਗ੍ਹਾ ਹਾਸਿਲ ਕਰਨੀ, ਮਾਧੋਦਾਸ ਬੈਰਾਗੀ ਨੂੰ ਬੰਦਾ-ਬਹਾਦਰ ਜਿਹੀ ਸਖਸ਼ੀਅਤ ਵਿੱਚ ਘੜ੍ਹ ਕੇ ਪੰਜਾਂ ਪਿਆਰਿਆਂ ਅਤੇ ਵੀਹ ਸਿੰਘਾਂ ਨਾਲ ਪੰਜਾਬ ਵੱਲ ਤੋਰਨਾ, ਇੱਕ ਵੱਖਰਾ ਇਤਿਹਾਸ ਬਣਾਇਆ । ਗੁਰਾਂ ਦੇ ਨਿਹੰਗ ਸਿੰਘਾਂ ਨਾਲ ਬੰਦੇ ਦੇ ਵਿਚਾਰਕ ਮੱਤਭੇਦ ਹੋਣ ਕਾਰਨ ਨਿਹੰਗ ਸਿੰਘਾਂ ਬੰਦੇ ਬਹਾਦਰ ਦਾ ਸਾਥ ਛੱਡ ਦਿੱਤਾ ਕਿਉਂਕਿ ਉਹ ਮੁੜ 'ਵੈਸ਼ਨੋ' ਪਰੰਪਰਾਵਾਂ ਨੂੰ ਅਪਨਾਉਣ ਦਾ ਦੋਸ਼ ਕਰ ਬੈਠਾ ਜੋ ਸਿੱਖ ਧਰਮ

ਵਿੱਚ ਵਰਜਿਤ ਹੈ । ੧੭੧੬ ਨੂੰ ਬੰਦੇ ਬਹਾਦਰ ਨੂੰ ਬੜੇ ਹੀ ਤਸੀਹੇ ਦੇ ਲਾਹੌਰ ਤੋਂ ਦਿੱਲੀ ਲਿਆ ਸ਼ਹੀਦ ਕਰ ਦਿੱਤਾ ਗਿਆ ।

ਸਥਾਨੀਅ ਨਿਵਾਸੀ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋ ਸਿੱਖ ਬਣ ਗਏ, ਛੋਟੀ ਜਿਹੀ ਜਗ੍ਹਾ ਬਣਾ 'ਆਦਿ ਗ੍ਰੰਥ' ਜੀ ਦੀ ਪੋਥੀ ਰੱਖੀ ਗਈ । ਗੁਰੂ ਜੀ ਨੇ ਇਸ ਪੋਥੀ ਨੂੰ ਗੁਰਗੱਦੀ ਪ੍ਰਦਾਨ ਕਰ ਆਪ ਅਕਾਲ-ਗਮਨ ਕਰ ਗਏ । ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਪੋਥੀ ਨੂੰ ਗੁਰੂ ਮੰਨ ਬਾਣੀ ਦਾ ਪ੍ਰਵਾਹ ਚੱਲਣਾ ਸ਼ੁਰੂ ਹੋ ਗਿਆ। ਇਹ ਸਥਾਨ ਸਿੱਖਾਂ ਲਈ 'ਗੁਰਦੁਆਰੇ' ਦੇ ਮਹਾਨ ਅਸਥਾਨ ਵਿੱਚ ਬਦਲ ਗਿਆ । ਸਮਾਂ ਪਾ ਗੁਰਸਿੱਖਾਂ ੭ ਅਕਤੂਬਰ ੧੭੦੮ ਦੇ ਬਾਅਦ ਬਹੁਤ ਛੋਟੀ ਅਰਾਧਨਾ ਦੀ ਜਗ੍ਹਾ ਬਣਾ ਲਈ । ਇਸ ਜਗ੍ਹਾ ਦੀ ਦੇਖ ਰੇਖ ਕਰਨ ਵਾਲੇ ਸਿੰਘ 'ਹਜ਼ੂਰੀ ਸਿੰਘ' ਅਖਵਾਏ ਜੋ ਬੜੇ ਤਕੜੇ ਯੋਧਾ ਵੀ ਸਨ । ਇਸ ਜਗ੍ਹਾ ਦੀ ਮਹਾਨਤਾ ਇਹ ਹੈ ਕਿ ਉਦਾਸੀ, ਨਿਹੰਗ, ਨਿਰਮਲੇ, ਸੇਵਾ ਪੰਥੀ, ਹਜ਼ੂਰੀ ਸਿੰਘਾਂ ਨੇ ਪੁਰਾਣੀ ਸਿੱਖੀ ਪਰੰਪਰਾ ਨੂੰ ਬਹੁਤ ਹੀ ਸੰਭਾਲ ਕੇ ਰਖਿਆ ਸੀ । ਇਹੋ ਕਾਰਣ ਹੈ ਕਿ 'ਨਾਮਧਾਰੀ' ਮੁਖੀ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਮਰਿਜਾਦਾ ਕਾਇਮ ਕਰਨ ਤੋਂ ਪਹਿਲਾਂ ਆਪਣੇ ਅਨੁਜਾਈਆਂ ਨੂੰ ਨਾਂਦੇੜ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਕੀਤੀ ਹੋਈ ਮਰਿਯਾਦਾ ਦਾ ਅਧਿਅਨ ਕਰਨ ਲਈ ਭੇਜਿਆ ਸੀ ਜਿਸਦੀ ਪਾਲਣਾ ਅੱਜ ਵੀ ਕੀਤੀ ਜਾਂਦੀ ਹੈ । ਅਰਥਾਤ ਦਸਮ ਪਾਤਸ਼ਾਹ ਦੀ ਬਾਣੀ 'ਜਾਪੁ ਸਾਹਿਬ, ਸ਼ਬਦ ਹਜਾਰੇ ਪਾਤਸ਼ਾਹੀ ਦਸਵੀਂ, ਅਕਾਲ ਉਸਤਤਿ, ਚੰਡੀ ਚਰਿਤ੍ਰ ਦੂਸਰਾ, ਚੰਡੀ ਦੀ ਵਾਰ, ਉਗ੍ਰਦੰਤੀ, ਸ਼ਸਤ੍ਰ ਨਾਮ ਮਾਲਾ, ਸਵੱਯੇ, ਕਲਿਕੀ ਅਵਤਾਰ ਜੀ ਦੀ ਬਾਣੀ ਵੀ ਨਾਮਧਾਰੀ ਪੰਥ ਦੇ ਨਿੱਤ ਨੇਮ ਵਿੱਚ ਆਉਂਦੀ ਹੈ । ਸਿੱਖੀ ਮਾਨਤਾ ਦੀ ਬਾਣੀ ਵੀ ਨਿਤਨੇਮ ਕਰਕੇ ਪੜ੍ਹੀ ਜਾਂਦੀ ਹੈ । ਸਭ ਤੋਂ ਮਹੱਤਵ-ਪੂਰਨ ਇਹ ਹੈ ਕਿ ਨਾਮਧਾਰੀ ਪਰੰਪਰਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲਾਵਾਂ ਪੜ੍ਹ ਆਨੰਦ ਕਾਰਜ 'ਬੇਦੀ ਵਿੱਚ' ਅਰਥਾਤ ਅਗਨੀ ਦੁਆਲੇ ਫੇਰੇ ਦਿਤੇ ਜਾਂਦੇ ਹਨ । ਉਤਰ ਭਾਰਤ ਵਿੱਚ 'ਸਿੰਘ ਸਭਾ' ਜਾਂ 'ਤੱਤ ਖਾਲਸਾ' ਦੇ ਵਿਦਵਾਨਾਂ ਨੇ ਸ਼ਾਇਦ ਮਰਿਯਾਦਾ ਵਿੱਚ ਬਦਲਾਵ ਲੈ ਆਂਦੇ ਹੋਵਣ, ਗੁਰੂ ਗ੍ਰੰਥ ਸਾਹਿਬ ਜੀ ਦੇ (ਹਜ਼ੂਰੀ ਵਿੱਚ ਬੈਠੇ ਗਿਆਨੀ ਸਮੇਤ) ਫੇਰੇ ਦੇਣ ਦੀ ਪਰੰਪਰਾ ਸਿੰਘਾਂ ਵਿੱਚ ਕਿਵੇਂ ਆਈ ? ਇਤਿਹਾਸ ਵਿੱਚ ਗੁਰਸਿੱਖਾਂ ਦੁਆਰਾ ਖੋਜ ਕਰ ਲਿਖੇ ਪੁਖਤਾ ਸਬੂਤ ਨਹੀਂ ਮਿਲਦੇ । ਸਾਡੀ ਸ਼ਰਧਾ ਅੱਜ ਵੀ ਉਸੇ ਤਰ੍ਹਾਂ ਅਡਿੱਗ ਹੈ ਜਿਸ ਤਰ੍ਹਾਂ ਸਧਾਰਣ ਜੀਵਨ ਜੀਣ ਵਾਲੇ ਸਿੰਘ ਗੁਰੂਆਂ ਦੁਆਰਾ ਰਚੀ ਬਾਣੀ ਦਾ ਆਧਾਰ ਲੈ ਆਨੰਦ ਮਾਨਣ ਵਿੱਚ ਵਿਸ਼ਵਾਸ਼ ਰੱਖਦਾ ਹੈ । ਇਸ ਛੋਟੇ ਜਿਹੇ ਕਸਬੇ ਨੂੰ 'ਨਾਂਦੇਰ' ਆਖਿਆ ਜਾਂਦਾ ਸੀ ਜੋ ਸਮਾਂ ਪਾ ਅੱਜ ਦੇ ਵਰਤਮਾਨ ਨਾਮ 'ਨਾਂਦੇੜ' ਦੇ ਨਾਮ ਨਾਲ ਅਖਵਾਇਆ । ਇਸੇ ਜਗ੍ਹਾ ਸੱਚਖੰਡ ਗੁਰਦੁਆਰੇ ਵਿੱਚ ਹੀ ਯੁੱਧ ਦੇ ਸਮੇਂ ਦੇ ਹਥਿਆਰ ਵੀ ਰੱਖੇ ਗਏ ਜਿਸਦੀ ਮਾਨਤਾ ਅੱਜ ਵੀ ਸਿੱਖਾਂ ਵਿੱਚ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਨਿੱਜੀ ਸ਼ਸਤਰ ਵੀ ਹਨ । ਆਸ ਪਾਸ ਦੇ ਇਲਾਕਿਆਂ ਵਿੱਚ ਜਿੱਥੇ ਗੁਰੂ ਜੀ ਨੇ ਚਰਨ ਪਾਏ ਸਨ, ਸਿੰਘਾਂ ਨੇ ਧਰਮ-ਸ਼ਾਲਾ ਬਣਾ ਲਈਆਂ । ਜਿਸ ਜਗ੍ਹਾ ਗੁਰੂ ਜੀ ਦੇ ਮਹਿਲ ਨਿਵਾਸ ਕਰਦੇ ਸਨ, ਗੁਰੂ ਜੀ ਹਰ ਰੋਜ਼ ਦਰਸ਼ਨ ਦੇ, ਪ੍ਰਸ਼ਾਦਾ ਛਕਦੇ ਸਨ, ਇਹ ਜਗ੍ਹਾ 'ਮਾਤਾ ਸਾਹਿਬ' ਜੀ ਦਾ ਗੁਰਦੁਆਰਾ ਕਰਕੇ ਜਾਣਿਆ ਜਾਂਦਾ ਹੈ । ਪਿਛਲੀ ਸਦੀ ਦੇ ਮੱਧ ਤਕ ਇਸ ਗੁਰਦੁਆਰੇ ਜਵਾਰੀ-ਬਾਜਰੀ ਦੇ ਪਰਸ਼ਾਦੇ ਛਕਣ ਨੂੰ ਮਿਲਦੇ ਸਨ, ਲੰਗਰ ਬਨਾਉਣ ਅਤੇ ਛਕਾਣ ਦਾ ਕੰਮ ਨਿਹੰਗ ਸਿੰਘ ਜੀ ਕਰਦੇ ਹਨ । ਪੰਜਾਬ ਤੋਂ ਸ਼ਰਧਾਲੂ ਸਿੰਘਾਂ ਟਰੱਕਾਂ ਰਾਹੀਂ ਕਣਕ ਦੀ ਭਰਪੂਰ ਮਾਤਰਾ ਭੇਜਣੀ ਸ਼ੁਰੂ ਕਰ ਦੇਣ ਬਾਅਦ

ਕਣਕ ਦੇ ਪਰਸ਼ਾਦੇ ਲੰਗਰ ਵਿੱਚ ਵਰਤਾਣੇ ਸ਼ੁਰੂ ਹੋ ਗਏ । ਇਹ ਸੇਵਾ ਅੱਜ ਵੀ ਨਿਭਾਈ ਜਾ ਰਹੀ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ-ਗਮਨ ਦੀ ਖ਼ਬਰ ਨਿਹੰਗਾਂ ਨੂੰ ਪੰਜਾਬ ਵਿੱਚ ਮਿਲੀ ਤਾਂ ਬੜਾ ਸਮੂਹ ਨਾਂਦੇੜ ਪਹੁੰਚ ਗਿਆ । ਪੰਜਾਬ ਦੀ ਧਰਤੀ ਵਾਂਙੂ ਇਹ ਇਲਾਕਾ ਉਪਜਾਊ ਨਹੀਂ ਸੀ ਭਾਂਵੇ ਇਸ ਇਲਾਕੇ ਵਿੱਚ ਗੋਦਾਵਰੀ ਨਦੀ ਵਗਦੀ ਹੈ, ਸਾਫ ਪੀਣ ਦੇ ਪਾਣੀ ਦੀ ਇਸ ਇਲਾਕੇ ਵਿੱਚ ਬਹੁਤ ਹੀ ਘਾਟ ਹੋਣ ਕਰਕੇ ਨਿਹੰਗ ਸਿੰਘਾਂ ਇਥੇ ਖੂਹ ਖੁਦਵਾਏ (ਸੱਚਖੰਡ ਗੁਰਦੁਆਰੇ ਦੇ ਨਵੀਂ ਕਰਨ-ਬਾਦ ਵੀ ਮੁੱਖ ਦਰਵਾਜੇ ਤੋਂ ਅੰਦਰ ਵੜਦਿਆਂ ਖੱਬੇ ਪਾਸੇ ਬਾਉਲੀ ਸਾਹਿਬ, ਜਿਸ ਉਪਰ ਗੋਲ ਗੁੰਬਦ ਵਰਗੀ ਜਾਲੀ ਲੱਗੀ ਹੋਈ ਹੈ) ਜਿਸ ਨਾਲ ਸਾਫ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਲੱਭਿਆ ਗਿਆ । ਇਸ ਇਲਾਕੇ ਵਿੱਚ ਖੇਤੀ-ਬਾੜੀ ਵੀ ਕੁਝ ਖਾਸ ਨਹੀਂ ਸੀ ਕੀਤੀ ਜਾਂਦੀ, ਜੰਗਲੀ ਇਲਾਕਾ ਹੋਣ ਕਰਕੇ ਹਮੇਸ਼ਾ ਹੀ ਦੁਸ਼ਮਨਾਂ ਦੇ ਹਮਲੇ ਦਾ ਡਰ ਲਗਿਆ ਹੀ ਰਹਿੰਦਾ, ਖ਼ਾਸ ਕਰਕੇ ਮੁਸਲਿਮ ਹਕੂਮਤ ਦੇ ਕਾਰਿੰਦਿਆਂ ਵੱਲੋਂ, ਜਿਸ ਵਿੱਚ ਸਥਾਨਿਕ ਮੁਸਲਮਾਨਾਂ ਦਾ ਬਹੁਤ ਵੱਡਾ ਹੱਥ ਹੁੰਦਾ । ਨਿਹੰਗ ਸਿੰਘਾਂ ਨੇ ਇਥੋਂ ਦੀ ਮਿੱਟੀ ਦੀਆਂ ਪਕਾਈਆਂ ਗਈਆਂ ਇੱਟਾਂ ਬਣਾਈਆਂ ਜੋ ਪੰਜਾਬ ਦੀਆਂ ਇੱਟਾਂ ਦੇ ਮੁਕਾਬਲੇ ਬਹੁਤ ਹੀ ਕਮਜੋਰ ਸਾਬਿਤ ਹੋਈਆਂ, ਕਾਰਨ ਇਸ ਮਿੱਟੀ ਵਿੱਚ ਰਸਾਇਣ ਅਤੇ ਚਿਕਨਾਈ ਦੀ ਬਹੁਤ ਘਾਟ ਪਾਈ ਜਾਂਦੀ ਹੈ ਅੱਜ ਵੀ ਮਹਾਰਾਸ਼ਟਰਾ ਦੀ ਪੱਕੀ ਇੱਟ ਪੰਜਾਬ ਦੀ ਕੱਚੀ ਇੱਟ ਦੇ ਮੁਕਾਬਲੇ ਕਮਜੋਰ ਹੀ ਹੁੰਦੀ ਹੈ । ਕੁਝ ਇਤਿਹਾਸਕਾਰਾਂ ਅਤੇ 'ਰਾਜਗਿਰਾਂ' ਦਾ ਮੱਤ ਹੈ ਕਿ ਸੱਚ-ਖੰਡ ਦੀ ਇਮਾਰਤ ਵਿੱਚ ਲੱਗੀ ਛੋਟੀ ਇੱਟ ਪੰਜਾਬ ਤੋਂ ਲਿਆਂਦੀ ਗਈ ਜਾਪਦੀ ਹੈ । ਛੋਟੀ ਜਿਹੀ, ਪਰ ਪੱਕੀ ਅਰਾਧਨਾ ਦੀ ਜਗ੍ਹਾ ਬਣਾਈ ਗਈ ਜਿਸ ਵਿੱਚ ਮੰਜੀ ਸਾਹਿਬ ਉਤੇ 'ਆਦਿ ਗ੍ਰੰਥ ਸਾਹਿਬ ਜੀ ਦੀ ਪੋਥੀ ਰੱਖ, ਉਦਾਸੀ ਸਿੰਘਾਂ ਨੇ ਅਰਾਧਨਾ ਸ਼ੁਰੂ ਕਰ ਦਿੱਤੀ ਅਤੇ ਨਿਹੰਗ ਸਿੰਘਾਂ ਨੇ ਸ਼ਸ਼ਤਰਨਾਮੇ ਅਨੁਸਾਰ ਸ਼ਸਤਰਾਂ ਦੀ ਪੂਜਾ ਅਤੇ ਉਪਾਸ਼ਨਾ ਆਰੰਭ ਕੀਤੀ । ੧੭੦੮ ਵਿੱਚ ਸ੍ਰੀ ਹਜ਼ੂਰ ਸਾਹਿਬ ਦੇ ਪਹਿਲੇ ਜਥੇਦਾਰ ਨਿਹੰਗ ਸੰਤੋਖ ਸਿੰਘ ਜੀ ਬਣੇ । ਛੇ ਸਾਲਾਂ ਬਾਦ ਦੂਸਰੇ ਜਥੇਦਾਰ ਨਿਹੰਗ ਖੁਸ਼ਾਲ ਸਿੰਘ ਜੀ ਬਣੇ।

ਰਾਜਨੀਤੀ ਦੀਆਂ ਉਥਲ-ਪੁਥਲ ਨੇ ਦੱਖਣੀ ਸਿੰਘਾਂ ਨੂੰ ਚੈਨ ਨਾਲ ਬੈਠਣ ਨਹੀਂ ਸੀ ਦਿੱਤਾ, ਕਿਉਂਕਿ ਜੋ ਵੀ ਰਾਜ ਦਾ ਸੁਲਤਾਨ ਬਣਦਾ ਉਸਦੇ ਪਰਵਾਰਿਕ ਜਾਂ ਰਾਜਨੀਤਕ ਝਗੜੇ ਉਸਨੂੰ ਹਕੂਮਤ ਚਲਾਣ ਵਿੱਚ ਹਮੇਸ਼ਾ ਹੀ ਅੜਚਨ ਪਾਉਂਦੇ ਰਹੇ ਇੱਥੇ ਇਹ ਗੱਲ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਇਸ ਮੁਸਲਮਾਨਾਂ ਦੀ ਸਲਤਨਤ, ਜਿਸ਼ ਵਿੱਚ ਰੋਹੱਲੇ, ਅਫਗਵਾਨ, ਤੁਰਕੀ, ਹਿੰਦੂ ਧਰਮ ਬਦਲ ਕੇ ਬਣੇ ਮੁਸਲਮਾਨ ਫੌਜੀਆਂ ਨੇ ਕਦੇ ਵੀ ਸ਼ਾਂਤੀ ਬਹਾਲ ਨਹੀਂ ਹੋਣ ਦਿੱਤੀ । ਇਸ ਹਾਲਾਤ ਦਾ ਫਾਇਦਾ ਮਿਲਨ ਕਾਰਨ ਸਮੇਂ ਸਮੇਂ ਦੱਖਣੀ ਸਿੰਘਾਂ ਨੂੰ ਸੰਭਲਣ ਦਾ ਮੌਕਾ ਵੀ ਮਿਲਦਾ ਰਿਹਾ, ਇੱਕ ਜੁਟ ਹੋ ਬਿਗਲੜੇ ਹਾਲਤ ਦਾ ਸਾਹਮਣਾ ਵੀ ਬੜੇ ਹੀ ਬਹਾਦਰੀ ਨਾਲ ਕਰਦੇ ਰਹੇ । ਇਤਿਹਾਸ ਦੇ ਕੁਝ ਐਸੇ ਵਰਕੇ ਵੀ ਦੇਖਣ ਵਿਚ ਆਏ, ਜੋ ਦੱਖਣੀ ਸਿੰਘਾਂ ਦੀ ਆਪਸੀ ਕਲਹ ਦੇ ਬੜੇ ਹੀ ਵਿਸਥਾਰ ਨਾਲ ਬਿਆਨ ਕਰਦੇ ਹਨ । ਨਾਂਦੇੜ ਦੇ ਗੁਰਦੁਆਰਿਆਂ ਤੇ ਉਦਾਸੀ ਸਾਧੂਆਂ ਜਾਂ ਨਿਹੰਗਾਂ ਦਾ ਦੱਬਦਬਾ ਰਿਹਾ, ਖ਼ਾਸ ਗੱਲ ਦੇਖਣ ਵਿੱਚ ਆਈ ਹੈ ਕਿ ਨਿਹੰਗਾਂ ਨੇ ਆਪਣੇ ਆਪ ਵਿੱਚ ਅਮਨ ਬਣਾਈ ਰੱਖਿਆ ਜਦ ਕੋਈ ਉਹਨਾਂ ਦੀ ਦਿਨਚਰਿਆ ਵਿੱਚ ਦਖਲ ਦਿੰਦਾ ਤਾਂ ਵਾਤਾਵਰਨ ਤੰਗ ਹੋ ਜਾਂਦਾ ਇਸ ਲਈ ਆਮ ਸਿੰਘ ਜਾਂ ਮੁਸਲਮਾਨ ਇਨ੍ਹਾਂ ਦੇ ਸੰਘਟਨ ਤੋਂ ਦੂਰ

ਹੀ ਰਹਿੰਦੇ ਰਹੇ । ਉਦਾਸੀ ਸਿੰਘਾਂ ਨੇ ਵੀ ਅਮਨ ਸ਼ਾਂਤੀ ਬਹਾਲ ਕਰਨ ਵਿੱਚ ਬਹੁਤ ਕੁਝ ਕੀਤਾ। ੧੭੨੭ ਤੋਂ ਬਾਅਦ ਉਦਾਸੀ ਸਾਧੂ ਗੋਪਾਲ ਦਾਸ ਨੇ ਪ੍ਰਬੰਧ ਸੰਭਾਲਿਆ । ਸ਼ਾਇਦ ਤਖ਼ਤ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸ ਵਿੱਚ ਇਹ ਇੱਕ ਤੀਹ ਸਾਲਾਂ ਦਾ ਸਮਾਂ ਜਾਪਦਾ ਹੈ ਜਿਸ ਸਮੇਂ ਅਮਨ ਬਹਾਲੀ ਰਹੀ । ਪੰਜਾਬ ਵਿੱਚ ਇਹ ਸਮਾਂ ਸਿੱਖਾਂ ਲਈ ਬੜਾ ਹੀ ਮੁਸ਼ਕਲ ਸੀ। ਨਿਹੰਗ ਸਿੰਘਾਂ ਨੇ ੧੭੨੮ ਤੋਂ ਬਾਅਦ ਉਦਾਸੀ ਸਿੰਘਾਂ ਤੇ, ਗੁਰੂ ਜੀ ਦੀ ਦੱਸੀ ਬਿਨਾ ਲਿਖਿਤ ਰਹਿਤ ਅਤੇ ਕੰਮ-ਕਾਰ ਤੇ, ਆਉਣ ਵਾਲੇ ਚਾਲੀ ਵਰ੍ਹਿਆਂ ਤੱਕ ਬੜੀ ਹੀ ਕੜੀ ਨਜ਼ਰ ਰੱਖੀ। ਨਿਹੰਗ ਬਖਤਾਵਰ ਸਿੰਘ ਜੀ ਨੇ ਆਪਣੀ ਖੁਦ-ਮੁਖਤਿਆਰੀ ਸਮਝ ਇਸ ਜ਼ਿੰਮੇਵਾਰੀ ਨੂੰ ਬੜੀ ਹੀ ਸਰਧਾ ਨਾਲ ਪੰਜਾਹ ਸਾਲ (ਪੰਜ ਦਸ਼ਕ) ਤੱਕ ਨਿਭਾਇਆ । ਇਸ ਵਿੱਚ ਸ੍ਰ: ਚੜ੍ਹਤ ਸਿੰਘ ਦਾ ਵੀ ਬੜਾ ਯੋਗਦਾਨ ਰਿਹਾ ਜੋ ਬਾਅਦ ਵਿੱਚ ਹਜ਼ੂਰ ਸਾਹਿਬ ਦਾ ੧੭੩੫ ਵਿੱਚ ਜੱਥੇਦਾਰ ਬਣਿਆ । ਇਸ ਪੰਜਾਹ ਸਾਲ ਦੇ ਸਮੇਂ ਤੱਕ ਨਿਹੰਗਾਂ ਅਤੇ ਉਦਾਸੀਆਂ ਦੇ ਕੰਮਕਾਰ ਅਤੇ ਤਾਲ-ਮੇਲ ਦਾ ਸੁਨਹਿਰਾ ਕਾਲ ਗਿਣਿਆ ਜਾਂਦਾ ਹੈ । ਇਸ ਸਮੇਂ ਸਥਾਨੀਜ ਮੁਸਲਮਾਨਾ ਦੇ ਆਤੰਕ ਨੂੰ ਥੰਮ ਪਾਉਣ ਵਾਸਤੇ ਪੰਜਾਬ ਤੋਂ ਖਾੜਕੂ ਸਿੰਘਾਂ ਨੂੰ ਸੱਦਿਆ ਜਾਂਦਾ ਰਿਹਾ, ਜਿਹਨਾ ਲੋੜ ਅਨੁਸਾਰ ਆਪਣੀਆਂ ਸੇਵਾਵਾਂ ਦਿਤੀਆਂ। ਅਰਬੀ ਅਤੇ ਫਾਰਸੀ ਦੇ ਵਿਦਵਾਨ ਸ੍ਰ: ਮੋਹਨ ਸਿੰਘ ਜੀ ਵੀ ਨਾਂਦੇੜ ਆ ਸੇਵਾਦਾਰਾਂ ਨਾਲ ਜੁੜ ਗਏ । ਭਾਸ਼ਾ ਦੇ ਰਸੂਖ ਕਾਰਨ ਸਥਾਨੀਅ ਮੁਸਲਮਾਨਾਂ ਨਾਲ ਤਾਲ-ਮੇਲ ਵਿੱਚ ਵਾਧਾ ਹੋ ਗਿਆ ਜੋ ਇੱਕ ਬਹੁਤ ਵੱਡੀ ਇਤਿਹਾਸਿਕ ਉਪਲਬਧੀ ਮੰਨੀ ਜਾਂਦੀ ਹੈ । ਹਜ਼ੂਰੀ ਸਿੰਘਾਂ ਨੇ ਯੋਗ, ਸੰਗੀਤ ਅਤੇ ਕਸਰਤ ਕਰਨ ਦੀ ਸਿਖਿਆ ਲੈ ਅਗਲੀ ਪੀੜ੍ਹੀ ਨੂੰ ਵੀ ਇਸ ਵਿੱਚ ਮਾਹਿਰ ਬਣਾ ਦਿਤਾ । ਇਸ ਤਰ੍ਹਾਂ ਦੱਖਣੀ ਸਿੰਘਾਂ ਦਾ ਆਸੇ ਪਾਸੇ ਦੇ ਇਲਾਕੇ ਵਿੱਚ ਦਬ-ਦਬਾ ਬਣ ਗਿਆ ।

ਇਸ ਸਮੇਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਦਸਮ ਗ੍ਰੰਥ ਸਾਹਿਬ ਨੂੰ ਹਜ਼ੂਰ ਸਾਹਿਬ ਵਿੱਚ ਮਾਨਤਾ ਪ੍ਰਾਪਤ ਹੋ ਗਈ। (ਇਹ ਵਿਵਾਦ ਦਾ ਵਿਸ਼ਾ ਹੋ ਸਕਦਾ ਹੈ, ਅਸੀਂ ਤਾਂ ਗੁਰੂ ਜੀ ਦੀ ਰਚਨਾ ਸਮਝ ਮਾਣ ਕਰਦੇ ਹਾਂ) ਹਜ਼ੂਰ ਸਾਹਿਬ ਦੇ ਗੁਰਸਿੱਖਾਂ ਸ਼ਬਦ ਕੀਰਤਨ, ਗੁਰਬਾਣੀ ਸੰਗੀਤ ਦੇ ਪਾਠ-ਪਠਨ ਨੂੰ ਪਹਿਲੀ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਅਤੇ ਅਗ੍ਹਾਂਹ ਦੀਆਂ ਪੀੜ੍ਹੀਆ ਤੱਕ ਸ਼ੁੱਧਤਾ ਨਾਲ ਜਾਰੀ ਰੱਖਿਆ । (ਭਾਂਵੇ ਅੱਜ ਆਪਸੀ ਵਿਚਾਰ ਸਾਂਝੇ ਕਰਦਿਆਂ ਦੱਖਣੀ ਭਾਸ਼ਾ ਹਿੰਦੀ ਵਰਤੀ ਜਾਂਦੀ ਹੈ, ਜੋ ਪੰਜਾਬੀ ਭਾਸ਼ਾ ਨਾਲ ਮੇਲ ਨਹੀਂ ਖਾਂਦੀ) । ਸਮਾਂ ਪਾ ਯਾਤਰੂਆਂ ਦਾ ਹਜ਼ੂਰ ਸਾਹਿਬ ਨਾਂਦੇੜ ਵਿੱਚ ਆਣਾ ਜਾਣਾ ਸ਼ੁਰੂ ਹੋ ਗਿਆ ਜਿਸ ਕਾਰਨ ਆਮਦਨ ਵਿੱਚ ਵੀ ਖ਼ਾਸਾ ਵਾਧਾ ਹੋਣ ਲੱਗ ਪਿਆ । ਦੱਖਣੀ ਸਿੰਘਾਂ ਨੇ ਇਸ ਸਮੇਂ ਹੀ ਗੁਰਦੁਆਰੇ ਦੇ ਕਾਇਆ-ਕਲਪ ਕਰਨ ਦਾ ਮੰਨ ਬਣਾ ਲਿਆ । ਜਿਸ ਵਿੱਚ ਉਸ ਸਮੇਂ ੧੦,੦੦੦=੦੦ ਰੁਪੈ ਦਾ ਖਰਚ ਆਇਆ । ਜਥੇਦਾਰ ਚੜਤ ਸਿੰਘ ਜੀ ਦਾ ਨਾਂਦੇੜ ਵਿੱਚ ਇਤਨਾ ਰਸੂਖ ਸੀ ਕਿ ਆਲੇ ਦੁਆਲੇ ਦੇ ਇਲਾਕਿਆਂ ਦੇ ਹੁਕਮਰਾਨ ਵੀ ਬਹੁਤ ਇਜ਼ਤ ਕਰਦੇ ਸਨ । ਲਾਗੇ ਦੀ ਛੋਟੀ ਜਿਹੀ ਰਿਆਸਤ ਦੇ ਦੋ ਭਰਾਵਾਂ ਦੀ ਆਪਸੀ ਕਲਹ ਮਿਟਾਣ ਅਤੇ ਸਮਝੌਤਾ ਕਰਾਣ ਕਾਰਨ ਦੋਨਾਂ ਭਰਾਵਾਂ ਨੇ ਨਾਂਦੇੜ ਦੇ ਗੁਰਦੁਆਰੇ ਨੂੰ ਲੱਗਭੱਗ ੧੭,੦੦੦=੦੦ ਰੁਪੈ ਦੀ ਦੇਣਗੀ ਦਿਤੀ ਸੀ । ੧੭੮੮ ਵਿੱਚ ਇਨਾਂ ਦੋਨਾਂ ਭਰਾਵਾਂ ਵਿਚੋਂ ਇੱਕ ਨੇ ਮਾਈ ਭਾਗੋ ਦੇ ਬੁੰਗੇ ਦੀ ਉਸਾਰੀ ਲਈ ਵੀ ੮੫੦੦੦=੦੦ ਰੁਪੈ ਦਾ ਅਨੁਦਾਨ ਦਿੱਤਾ ਸੀ ਜੋ ਅੱਜ ਵੀ ਸੱਚਖੰਡ ਗੁਰਦੁਆਰੇ ਦੇ ਸੱਜੇ ਪਾਸੇ ਪਰਿਕਰਮਾਂ ਦੇ ਬਿਲਕੁਲ ਨਾਲ ਹੈ ।

( ਚਲਦਾ.... )

੧੭ਵੀਂ ਸਦੀ ਦੇ 'ਬਚਨ ਕੇ ਬਲੀ' ਮਹਾਨ ਸੂਫੀ ਫਕੀਰ –

# ਸੱਯਦ ਪੀਰ ਬੁੱਧੂ ਸ਼ਾਹ –੧

– ਪ੍ਰੋ. ਕਿਰਪਾਲ ਸਿੰਘ ਬਡੂੰਗਰ *

ਸਿੱਖ ਧਰਮ ਅਤੇ ਇਸ ਦੇ 'ਨਿਰਮਲ ਪੰਥ' ਉੱਤੇ ਸਾਬਤ ਕਦਮੀ, ਪੂਰੀ ਦ੍ਰਿੜ੍ਹਤਾ, ਅਹਿੱਲ ਅਤੇ ਅਡਿੱਗ ਵਿਸਵਾਸ਼ ਨਾਲ ਚੱਲਣ ਵਾਲੇ ਮਹਾਨ ਸ਼ਹੀਦਾਂ, ਸੂਰਬੀਰਾਂ, ਯੋਧਿਆਂ, ਸੰਤਾਂ, ਮਹਾਂਪੁਰਸ਼ਾਂ, ਮਰਜੀਵੜਿਆਂ ਨੇ ਸੰਸਾਰ ਧਰਮਾਂ ਅਤੇ ਸੰਸਾਰ ਇਤਿਹਾਸ ਵਿੱਚ ਨਵੇਂ ਅਤੇ ਨਿਵੇਕਲੇ ਸੁਨਹਿਰੀ ਪੰਨੇ ਜੋੜ ਦਿਤੇ ਹਨ। ਸੰਸਾਰ ਨੂੰ ਰੱਬੀ ਏਕਤਾ, ਮਨੁੱਖੀ ਬਰਾਬਰੀ, ਮਨੁੱਖੀ ਅਧਿਕਾਰਾਂ ਦੀ ਰਾਖੀ, ਸਾਂਝੀਵਾਲਤਾ, ਸਹਿਨਸ਼ੀਲਤਾ, ਨਿਜ–ਸੁਆਰਥ ਨੂੰ ਤਿਆਗਕੇ ਪਰਮਾਰਥ ਲਈ ਜਿਉਣ ਦੀ ਜੁਗਤ, ਜਾਤ–ਪਾਤ ਅਤੇ ਊਚ–ਨੀਚ ਦੇ ਭੇਦ ਭਾਵ ਨੂੰ ਮੁੱਢੋਂ ਹੀ ਰੱਦ ਕਰਕੇ *'ਏਕੁ ਪਿਤਾ ਏਕਸ ਕੇ ਹਮ ਬਾਰਿਕ'(੬੧੧)* ਅਤੇ *'ਤੂੰ ਸਾਂਝਾ ਸਾਹਿਬੁ ਬਾਪੁ ਹਮਾਰਾ॥''(੯੭)* ਦਾ ਮਹਾਨ ਅਦੁੱਤੀ, ਨਿਰਾਲਾ ਅਤੇ ਨਵੀਨਤਮ ਉਪਦੇਸ਼ ਦੇਣ ਵਾਲਾ *'ਨਾਨਕ ਨਿਰਮਲ ਪੰਥ ਚਲਾਇਆ'* ਵਾਲਾ ਹੈ ਸਿੱਖ ਧਰਮ। ਜਿਸ ਦਾ ਵਿਲੱਖਣ ਉਪਦੇਸ਼ '੧ਓ' ਤੋਂ ਅਰੰਭ ਹੋ ਕੇ ਬ੍ਰਹਮੰਡੀ ਗਿਆਨ ਨਾਲ ਸਰਸਾਰ, ਸੱਚ ਉੱਤੇ ਹਰ ਕੀਮਤ 'ਤੇ ਪਰਪੱਕਤਾ ਨਾਲ ਪਹਿਰਾ ਦੇਣ ਅਤੇ ਜਾਬਰ, ਜਬਰ, ਜ਼ੁਲਮ ਅਤੇ ਬੇਇਨਸਾਫੀ ਵਿਰੁੱਧ ਸੰਘਰਸ਼ ਕਰਦਿਆਂ, ਭਾਣੇ ਅੰਦਰ ਵਿਚਰਦਿਆਂ, ਮਨ ਅਤੇ ਚਿਤ ਕਰਕੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਹਰ ਮੈਦਾਨੇ ਅਰਥਾਤ, ਧਾਰਮਿਕ, ਰਾਜਨੀਤਕ, ਆਰਥਿਕ ਅਤੇ ਸਮਾਜਿਕ ਪਿੜ ਵਿੱਚ *'ਨਿਸਚੈ ਕਰ ਆਪਣੀ ਜੀਤ ਕਰੋਂ''* ਦੀ ਭਾਵਨਾ ਨਾਲ ਲਬਰੇਜ਼ ਹੈ। ਜੋ ਲਾਸਾਨੀ ਹੈ। ਲਾਮਿਸਾਲ ਹੈ। ਅਦੁੱਤੀ ਹੈ। ਨਿਵੇਕਲਾ ਹੈ। ਨਵੀਨਤਮ ਹੈ। ਪ੍ਰੰਤੂ ਅਤਿ–ਕਠਨ ਹੈ। ਸੂਖਮ ਹੈ। ਖੰਡੇ ਦੀ ਧਾਰ ਉਤੇ ਤੁਰਨ ਦੇ ਤੁਲ ਹੈ। *'ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥'(੧੪੧੨)* ਦੇ ਸਿਧਾਂਤ ਉੱਤੇ ਚੱਲਦਿਆਂ ਸ਼ਹੀਦੀਆਂ ਪਾਉਣ ਵਾਲਿਆਂ ਦੀ ਲੜੀ ਬੜੀ ਲੰਮੀ ਹੈ। ਇਹ ਅਣਗਿਣਤ ਹਨ।

ਇਸ ਲੇਖ ਵਿੱਚ ੧੭ਵੀਂ ਸਦੀ ਦੇ 'ਬਚਨ ਕੇ ਬਲੀ' ਮਹਾਨ ਸੂਫੀ ਫਕੀਰ ਸੱਯਦ ਪੀਰ ਬੁਧੂ ਸ਼ਾਹ, ਜਿਨ੍ਹਾਂ ਨੇ ਸੱਚ ਨੂੰ ਪਛਾਣਿਆ ਅਤੇ ਉਸ ਤੇ ਸਾਬਤ ਕਦਮੀ ਪਹਿਰਾ ਦਿੱਤਾ ਅਤੇ ਸ਼ਹੀਦੀ ਵੀ ਪਾਈ, ਬਾਰੇ ਵਿਚਾਰ ਕਰ ਰਹੇ ਹਾਂ। ਪ੍ਰੰਤੂ ਇਸ ਤੋਂ ਪਹਿਲਾਂ ਸਮੂੰਹ ਲੁਕਾਈ ਦੇ ਹਰ ਖੇਤਰ ਵਿੱਚ 'ਰਾਹ ਦਸੇਰਾ' ਅਤੇ 'ਪੰਥ ਪਰਦੱਰਸ਼ਕ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਬਾਰੇ ਬਹੁਤ ਹੀ ਸੰਖੇਪ ਵਿੱਚ ਜਾਣਕਾਰੀ ਹਾਸਲ ਕਰਨੀ ਯੋਗ ਰਹੇਗੀ। ਗੁਰਮੁੱਖੀ ਲਿਪੀ ਵਿੱਚ ਤਕਰੀਬਨ ੩੧ ਭਾਸ਼ਾਵਾਂ/ਉਪ–ਭਾਸ਼ਾਵਾਂ, ੩੧ ਰਾਗਾਂ ਵਿੱਚ ੦੬ ਗੁਰੂ ਸਾਹਿਬਾਨ, ੧੫ ਭਗਤਾਂ, ੧੧ ਭੱਟਾਂ ਅਤੇ ੦੪ ਗੁਰਸਿੱਖਾਂ ਵੱਲੋਂ ਉਚਾਰਨ ਕੀਤੀ ਅਤੇ ਨਿਜੀ ਤੌਰ ਉਤੇ ਕਲਮਬੰਦ ਕੀਤੀ ਬਾਣੀ ੧੪੩੦ ਅੰਗਾਂ ਵਾਲੇ ਵੱਡ–ਅਕਾਰੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਅੰਕਿਤ ਹੈ। ਇਹਨਾਂ ੧੫ ਭਗਤਾਂ ਵਿੱਚ ੦੭ ਬ੍ਰਾਹਮਣ, ੦੧ ਨਾਈ, ੦੧ ਜੁਲਾਹਾ, ੦੨ ਮੁਸਲਮਾਨ, ੦੧ ਛੀਂਬਾ, ੦੧ ਚਮਾਰ, ੦੧ ਜਾਟ ਅਤੇ ਇੱਕ

* ਸਾਬਕਾ ਪ੍ਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ।

ਕਸਾਈ ਸ਼ਾਮਲ ਹੈ । ਭਾਵ ਇਸ ਵਿੱਚ ਖੱਤਰੀ, ਬ੍ਰਾਹਮਣ, ਸੂਦਰ, ਵੈਸ ਤਥਾ ਸਿੱਖ ਗੁਰੂ ਸਾਹਿਬਾਨ, ਹਿੰਦੂ ਅਤੇ ਮੁਸਲਮਾਨ ਬਾਣੀਕਾਰਾਂ ਦਾ ਕਲਾਮ ਦਰਜ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਦੇਸ਼-ਕਾਲ, ਧਰਮਾਂ, ਸਮਾਜਿਕ ਵਰਗਾਂ ਅਤੇ ਕੌਮਾਂ ਦੀਆਂ ਸਭ ਹੱਦਾਂ ਬੰਨੇ ਅਤੇ ਬਲੱਗਣਾਂ ਟੱਪਕੇ ਤ੍ਰਿਲੋਕੀ ਦੇ ਗਿਆਨ ਅਤੇ ਅਨੰਤ, ਬੇਅੰਤ, ਪਾਰਬ੍ਰਹਮ, ਪੂਰਨ ਬ੍ਰਹਮ, ਪਰਮੇਸ਼ਰ, ਕਰਤਾ-ਪੁਰਖ, ਅਗੰਮ, ਅਗੋਚਰ ਵਾਹਿਗੁਰੂ ਦੀ ਉਪਮਾ, ਜੱਸ ਅਤੇ ਕੀਰਤੀ ਅਤੇ ਅਦੁੱਤੀ ਗਿਆਨ ਦਾ ਅਥਾਹ ਸਾਗਰ ਹੈ ਜਿਸ ਵਿਚੋਂ ਹੰਸ ਰੂਪੀ ਆਤਮਾਵਾਂ ਨੇ ਘਾਲਣਾ ਘਾਲਕੇ ਹੀਰੇ-ਮੋਤੀ, ਜਵਾਹਰਾਤ ਅਰਥਾਤ ਅੰਮ੍ਰਿਤ ਦੀ ਭਾਲ ਕਰਨੀ ਹੈ ਅਤੇ 'ਜੀਵਨ-ਮੁਕਤ' ਹੋਣਾ ਹੈ *'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥'(੧੪੨੯)* ਅਤੇ *'ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥' (੯੫੬)* ਸੰਸਾਰ ਦੇ ਇਸ ਅਦੁੱਤੀ ਗਿਆਨ ਦੀ ਰੋਸ਼ਨੀ ਦੁਨੀਆਂ ਦੇ ਵੱਖ-ਵੱਖ ਦਿਸਾਵਾਂ, ਧਰਮਾਂ ਅਤੇ ਅਕੀਦਿਆਂ ਦੇ ਲੋਕਾਂ ਵਿਚਕਾਰ ਖਿਲਾਰਨ ਹਿੱਤ ਦੁਨੀਆਂ ਦਾ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਘਰੋਂ 'ਰਾਇ-ਭੋਇ ਕੀ ਤਲਵੰਡੀ' ਤੋਂ ਵਾਇਆ ਸੁਲਤਾਨਪੁਰ ਲੋਧੀ ਸੰਸਾਰ ਦੀਆਂ ਚਾਰ ਦਿਸਾਵਾਂ ਵਿੱਚ ਚਾਰ ਉਦਾਸੀਆਂ ਦੇ ਰੂਪ ਵਿੱਚ ਵਿਚਰਿਆ । ਉਹਨਾਂ ਦੇ ਨਾਲ ਉਹਨਾਂ ਦਾ ਸੰਗੀ-ਸਾਥੀ ਬਣਿਆ ਇੱਕ ਅਖੌਤੀ (ਸੂਦਰ) ਨੀਚ ਜਾਤ ਨਾਲ ਸਬੰਧਤ ਮਰਦਾਨਾ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ 'ਭਾਈ' ਕਹਿਆ । ਭਾਈ ਗੁਰਦਾਸ ਜੀ ਇਸ ਬਾਰੇ ਇਉਂ ਲਿਖਦੇ ਹਨ, 'ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ' ਇਸੇ ਰਾਹ ਚੱਲਦਿਆਂ ਜਦੋਂ ਸੰਸਾਰ ਦੇ ਕਲਿਆਣ ਹਿਤ ਸਰਬ-ਸਾਂਝੇ ਧਾਰਮਿਕ ਅਸਥਾਨ 'ਸ੍ਰੀ ਹਰਿਮੰਦਰ ਸਾਹਿਬ' ਦੀ ਉਸਾਰੀ ਅਰੰਭਣੀ ਸੀ ਤਾਂ ਪੰਜਵੇਂ ਨਾਨਕ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਇਸ ਸਰਬ-ਸਾਂਝੇ ਧਾਰਮਿਕ ਕੇਂਦਰ ਦੀ ਨੀਂਹ ਸਮੇਂ ਦੇ ਮਹਾਨ ਮੁਸਲਮਾਨ ਫਕੀਰ ਮੀਆਂ ਮੀਰ ਜੀ ਪਾਸੋਂ ਰਖਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਰਬ-ਸਾਂਝੀ ਗੁਰਬਾਣੀ ਦਾ ਕੀਰਤਨ ਕਰਨ ਦੀ ਜ਼ਿੰਮੇਵਾਰੀ ਭਾਈ ਮਰਦਾਨੇ ਦੀ ਹੀ ਅੰਸ-ਵੰਸ਼ ਵਿਚੋਂ ਭਾਈ ਸੱਤੇ ਡੂਮ ਅਤੇ ਭਾਈ ਬਲਵੰਡ ਜੀ ਨੂੰ ਸੌਂਪੀ । ਇਹ ਵੀ ਦੋਵੇਂ ਅਖੌਤੀ ਸੂਦਰ ਜਾਤੀ ਨਾਲ ਸਬੰਧ ਰੱਖਦੇ ਸਨ । ਸਮੇਂ ਦੇ ਭਾਰਤੀ ਸਮਾਜ ਲਈ ਇਹ ਵਰਤਾਰਾ ਹੈਰਾਨੀਕੁੰਨ ਅਚੰਭੇ ਵਾਲਾ ਅਤੇ ਅਸਹਿਸੀ ਪ੍ਰੰਤੂ ਇਹ ਹੈ ਮਹਾਨ ਕ੍ਰਾਂਤੀਕਾਰੀ ਸੀ । ਭੰਗਾਣੀ ਅਤੇ ਨਦੌਣ ਦੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਇੱਕ ਪਾਸੇ ਖਾਲਸਾਈ ਫੌਜਾਂ ਅਤੇ ਦੂਜੇ ਪਾਸੇ ਪਹਾੜੀ ਹਿੰਦੂ ਰਾਜਿਆਂ ਅਤੇ ਮੁਗਲ ਫੌਜਾਂ ਦੀ ਸਾਂਝੀ ਕਮਾਨ ਦਰਮਿਆਨ ਹੋਏ ਯੁੱਧਾਂ ਸਮੇਂ ਦਸਮੇਸ਼ ਜੀ ਦੇ ਆਦੇਸ਼ ਅਨੁਸਾਰ ਆਪਣੇ ਜ਼ਖਮੀਆਂ ਵਾਂਗਹੀ ਦੁਸ਼ਮਨ ਦੀਆਂ ਫੌਜਾਂ ਦੇ ਸਿਪਾਹੀਆਂ ਦੀ ਮਲ੍ਹਮ ਪੱਟੀ ਕਰਨਾ ਅਤੇ ਸੇਵਾ-ਸੰਭਾਲ ਕਰਨੀ ਅਤੇ ਇਸੇ ਤਰ੍ਹਾਂ ੧੭੦੪ ਈ.: ਦੇ ਦਸਮੇਸ਼ ਜੀ ਦੀ ਅਗਵਾਈ ਵਿੱਚ ਖਾਲਸਾਈ ਫੌਜਾਂ ਤੇ ਮੁਗਲ ਅਤੇ ਬਾਈਧਾਰ ਦੇ ਹਿੰਦੂ ਰਾਜਿਆਂ ਦੀਆਂ ਫੌਜਾਂ ਦੀ ਸਾਂਝੀਕਮਾਨ ਵਿਚਕਾਰ ਹੋਏ ਯੁੱਧ ਵਿੱਚ ਦਸਮੇਸ਼ ਜੀ ਦੀ ਭਾਵਨਾ ਅਤੇ ਗੁਰਮਤਿ ਸਿਧਾਂਤ ਅਨੁਸਾਰ ਦੁਸ਼ਮਨ ਫੌਜਾਂ ਦੇ ਜ਼ਖਮੀਆਂ ਦੀ ਭਾਈ ਘਨ੍ਹਈਆ ਜੀ ਵੱਲੋਂ ਜਲ-ਪਾਣੀ ਦੀ ਸੇਵਾ ਅਤੇ ਮਲ੍ਹਮ ਪੱਟੀ ਕਰਨਾ, ਦੁਨੀਆਂ ਦੇ ਜੰਗਾਂ-ਯੁੱਧਾਂ ਦੇ ਇਤਿਹਾਸ ਵਿੱਚ ਬਿਲਕੁਲ

ਨਿਰਾਲਾ ਅਤੇ ਅਸਚਰਜਤਾ ਵਾਲਾ ਵਰਤਾਰਾ ਸੀ, ਪ੍ਰੰਤੂ ਹੈ ਇਹ ਗੁਰਮਤਿ ਸਿਧਾਂਤ 'ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ'' (੬੭੧) ਅਨੁਸਾਰ ਹੀ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਤਿ ਭਿਹਾਵਲੇ ਸਮੇਂ 'ਉਚ ਕਾ ਪੀਰ' ਕਹਿਕੇ ਆਪਣੇ ਮੋਢਿਆਂ ਉਤੇ ਚੁੱਕਕੇ ਲਿਜਾਣ ਵਾਲੇ 'ਗਨੀ ਖਾਂ ਅਤੇ ਨਬੀ ਖਾਂ' ਵੀ ਮੁਸਲਮਾਨ ਹੀ ਸਨ। ਆਲਮਗੀਰ ਵਿਖੇ ਦਸਮੇਸ਼ ਪਿਤਾ ਦੀ ਆਓ ਭਗਤ ਅਤੇ ਟਹਿਲ-ਸੇਵਾ ਕਰਨ ਵਾਲਾ ਰਾਏ ਕਲਾਹ ਵੀ ਮੁਸਲਮਾਨ ਅਹਿਲਕਾਰ ਸੀ ਅਤੇ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਦੀ ਖ਼ਬਰ ਲਿਆਕੇ ਗੁਰੂ ਸਾਹਿਬ ਤੀਕ ਪਹੁੰਚਾਣ ਵਾਲਾ ਨੂਰਾ ਮਾਹੀ ਵੀ ਮੁਸਲਮਾਨ ਸੀ। ਛੋਟੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਨੋਂ ਸੂਬੇਦਾਰ ਵਜੀਦ ਖਾਨ ਨੂੰ ਵਰਜਣ ਵਾਲਾ ਮਲੇਰਕੋਟਲੇ ਦਾ ਨਵਾਬ ਮੁਹੰਮਦ ਸ਼ੇਰ ਖਾਨ ਵੀ ਮੁਸਲਮਾਨ ਨਵਾਬ ਸੀ ਅਤੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਨ ਵਿਰੁੱਧ ਸਖਤ ਵਿਰੋਧ ਕਰਦਿਆਂ ਆਪਣੇ ਸੀਨੇ ਵਿੱਚ ਖੰਜਰ ਖੋਭਕੇ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲੀ ਬੇਗਮ ਜੈਨਬ-ਨਿਸ਼ਾਂ ਵੀ ਮੁਸਲਮਾਨ ਬੇਗਮ ਸੀ । ਇਸ ਤਰ੍ਹਾਂ ਅਜਿਹੇ ਮੁਸਲਮਾਨ ਮਰਦਾਂ ਅਤੇ ਔਰਤਾਂ ਦੀ ਲੰਮੀ ਲੜੀ ਹੈ, ਜਿਨ੍ਹਾਂ ਨੇ 'ਸੱਚ' ਨੂੰ ਪਛਾਣਿਆ, ਆਪਣੀ ਆਤਮਾ ਦੀ ਆਵਾਜ਼ ਨੂੰ ਪਛਾਣਿਆ ਅਤੇ ਆਪਣੀ ਜਾਨ-ਮਾਲ ਅਤੇ ਬਾਲ-ਬੱਚੇ ਦੀ ਪਰਵਾਹ ਨਾਹ ਕਰਦਿਆਂ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਗੁਰੂ ਜੀ ਦਾ ਸਾਥ ਦਿੰਦਿਆਂ ਮਹਾਨ ਕੁਰਬਾਨੀਆਂ ਦਿਤੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿੱਚ ਕਿਸੇ ਵੀ ਧਰਮ ਜਾਂ ਕਿਸੇ ਵੀ ਧਰਮ ਦੇ ਅਨੁਆਈ ਵਿਰੁੱਧ ਨਹੀਂ ਲਿਖਿਆ ਹੋਇਆ ਸਗੋਂ ਮੁਸਲਮਾਨ ਨੂੰ ਇੱਕ ਚੰਗਾ ਮੁਸਲਮਾਨ ਅਤੇ ਹਿੰਦੂ ਤਥਾ ਬ੍ਰਾਹਮਣ ਨੂੰ ਚੰਗਾ ਬ੍ਰਾਹਮਣ, ਪੰਡਤ ਨੂੰ ਸਹੀ ਰੂਪ ਵਿੱਚ ਪੰਡਤ ਅਤੇ ਪਾਂਧੇ ਨੂੰ ਯੋਗ ਪਾਂਧਾ ਬਣਨ ਲਈ ਹੀ ਪ੍ਰੇਰਿਆ ਗਿਆ ਹੈ । ਆਪਣੇ- ਆਪਣੇ ਧਰਮ ਦੀ ਭਾਵਨਾ ਅਤੇ ਸੱਚ ਨੂੰ ਪਛਾਨਣ ਅਤੇ ਉਸ ਵਿੱਚ ਪਰਪੱਕ ਰਹਿਣ ਦਾ ਉਪਦੇਸ਼ ਹੈ । ਹਾਂ! ਧਰਮ ਦੇ ਨਾਮ ਉਤੇ ਭੋਲੇ--ਭਾਲੇ ਲੋਕਾਂ ਦਾ ਸੋਸ਼ਣ ਕਰਨ ਅਤੇ ਧਰਮ ਦੇ ਨਾਮ ਉਤੇ ਕੱਟੜਤਾ ਦਾ ਅਣਮਨੁੱਖੀ ਜਨੂੰਨ ਫੈਲਾਕੇ ਮਨੁੱਖਤਾ ਦਾ ਭਾਰੀ ਨੁਕਸਾਨ ਕਰਨ ਤੋਂ ਜ਼ਰੂਰ ਵਰਜਿਆ ਹੈ ਅਤੇ ਰਾਜਨੀਤਕ ਖੇਤਰ ਵਿੱਚ ਰਾਜਿਆਂ ਵੱਲੋਂ ਆਪਣਾ ਪਰਜਾਪਾਲਕ ਹੋਣ ਦਾ ਫਰਜ਼ ਨਿਭਾਉਣ ਦੀ ਥਾਂ ਲੋਕਾਂ ਦੀ ਲੁੱਟ ਤੇ ਕੁੱਟ ਕਰਨ ਵਾਲੀ ਪ੍ਰਬਲ ਰੁਚੀ ਦਾ ਵਿਰੋਧ ਜ਼ਰੂਰ ਕੀਤਾ ਹੈ । ਫੁਰਮਾਨ ਹੈ, 'ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ' ਇਸੇ ਤਰ੍ਹਾਂ ਧਾਰਮਿਕ ਖੇਤਰ ਵਿੱਚ ਸੋਸ਼ਣ ਕਰਨ ਵਾਲਿਆਂ ਨੂੰ ਇਉਂ ਨੰਗਾ ਕੀਤਾ ਹੈ, 'ਮਾਣਸ ਖਾਣੇ ਕਰਹਿ ਨਿਵਾਜ ।। ਛੁਰੀ ਵਗਾਇਨਿ ਤਿਨ ਗਲਿ ਤਾਗ ।।'(੪੭੧) ਨਾਲ ਹੀ ਧਾਰਮਿਕ ਖੇਤਰ ਵਿੱਚ ਪਸਰੇ ਪਖੰਡਵਾਦ, ਕਰਮਕਾਂਡ, ਭਰਮਾਂ, ਵਹਿਮਾਂ ਅਤੇ ਭੇਖੀਆਂ ਦਾ ਜ਼ਰੂਰ ਜੋਰਦਾਰ ਖੰਡਨ ਅਤੇ ਵਿਰੋਧ ਕੀਤਾ ਹੈ । ਗੁਰੂ ਸਾਹਿਬ ਨੇ ਸਮਾਜ ਵਿੱਚ ਨਿਘਾਰ ਲਈ ਜ਼ਿੰਮੇਵਾਰ ਲੋਕਾਂ ਨੂੰ ਵੀ ਨੰਗਾ ਕੀਤਾ :-

*ਕਾਦੀ ਕੂੜੁ ਬੋਲਿ ਮਲੁ ਖਾਇ ।।*
*ਬ੍ਰਾਹਮਣੁ ਨਾਵੈ ਜੀਆ ਘਾਇ ।।*
*ਜੋਗੀ ਜੁਗਤਿ ਨ ਜਾਣੈ ਅੰਧੁ ।।*
*ਤੀਨੇ ਉਜਾੜੇ ਕਾ ਬੰਧੁ ।। (੬੬੨)*

ਆਪਣੇ- ਆਪਣੇ ਧਰਮ ਵਿੱਚ ਪਰਪੱਕ ਹੋਣ ਲਈ ਗੁਰ ਫੁਰਮਾਨ ਹੈ :-

*ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ।। ਅਵਲਿ ਅਉਲਿ ਦੀਨੁ*

*ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ (੧੪੧)*

ਤਥਾ–

*ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥ ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥ ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥ ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥ ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ ॥ (੫੧੨)*

ਮੁਸਲਮਾਨ ਨੂੰ ਤਾਂ ਉਸ ਵੱਲੋਂ ਹਰ ਰੋਜ ਪੜ੍ਹੀ ਜਾਂਦੀ ਨਮਾਜ਼ ਦੇ ਅਰਥ ਵੀ ਸਮਝਾਏ ਗਏ ਹਨ ਅਤੇ ਪ੍ਰੇਰਿਆ ਹੈ ਕਿ ਨਮਾਜ ਪੜ੍ਹਨ ਦਾ ਤਾਂ ਹੀ ਲਾਭ ਹੈ ਜੇਕਰ ਉਸਦੇ ਅਰਥ ਸਮਝਕੇ ਉਸ ਉੱਤੇ ਅਮਲ ਕਰੇ ਅਤੇ ਆਪਣਾ ਜੀਵਨ ਉਸ ਅਨੁਸਾਰ ਢਾਲੇ ਨਹੀਂ ਤਾਂ ਇਹ ਸਭ ਅਡੰਬਰ ਕੂੜ ਹੈ ਅਤੇ ਕੂੜ ਵਿਚੋਂ ਤਾਂ ਕੂੜ ਹੀ ਪ੍ਰਾਪਤ ਹੋਵੇਗਾ। ਗੁਰੂ ਸਾਹਿਬ ਨੇ ਫੁਰਮਾਇਆ ਹੈ:

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ (੧੪੧)*

ਬੇਦ ਅਤੇ ਕਤੇਬਾਂ ਵਾਚਣ ਵਾਲਿਆਂ ਨੂੰ ਵੀ ਸਮਝਾਇਆ ਗਿਆ ਹੈ ਕਿ ਜੇਕਰ ਇਕ ਛਿਨ ਭਰ ਉਸ ਵਿੱਚ ਮਨ–ਚਿਤ ਕਰਕੇ ਟਿਕ ਜਾਓ ਤਾਂ ਪ੍ਰਭੂ ਅੱਲ੍ਹਾ–ਤਾਲਾ ਦੇ ਦਰਸ਼ਨ ਹੋ ਜਾਣਗੇ। ਬਿਨਾਂ ਵਿਸਵਾਸ਼ ਅਤੇ ਮਨ–ਚਿਤ ਦੇ ਟਿਕਾਉ ਦੇ ਇਹਨਾਂ ਨੂੰ ਵਾਚਣਾ ਬੇਅਰਥ ਰਹੇਗਾ। ਗੁਰ ਫੁਰਮਾਨ ਹੈ :–

*ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥ ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥ (੭੨੭)*

ਸਹਜੇ ਹੀ ਇਹ ਕਹਿ ਸਕਦੇ ਹਾਂ ਕਿ ਸਿਧਾਂਤਕ ਅਤੇ ਅਮਲੀ ਰੂਪ ਵਿੱਚ ਕਿਸੇ ਵੀ ਦੁਨਿਆਵੀ ਅਧਾਰ ਉਤੇ ਗੁਰੂ ਸਾਹਿਬਾਨ ਦਾ ਕਿਸੇ ਨਾਲ ਵੈਰ ਵਿਰੋਧ ਜਾਂ ਵਿਤਕਰਾ ਨਹੀਂ ਸੀ। ਇਹ ਤਾਂ 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥'(੬੪੬) ਤਥਾ 'ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥' (੮੫੮) ਤਥਾ 'ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥' (੧੨੯੯) ਤਥਾ 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' (੯੭) ਆਦਿ ਉਤੇ ਅਧਾਰਤ ਮਹਾਨ ਕ੍ਰਾਂਤੀਕਾਰੀ ਫਲਸਫਾ ਹੈ। ਰੱਬ ਸਭ ਦਾ ਸਾਂਝਾ ਹੈ। 'ਗੁਰ ਪਾਰਬ੍ਰਹਮ ਏਕੈ ਹੀ ਜਾਨੇ' (੮੮੭) ਸਭ ਦਾ ਸਾਂਝਾ ਹੈ ਅਤੇ ਇਹ ਮਹਾਨ ਉਪਦੇਸ਼ ਅਤੇ ਗੁਰੂ ਘਰ ਸਭ ਲੁਕਾਈ ਦੇ ਕਲਿਆਣ ਹਿਤ ਸਾਂਝੇ ਹਨ। ਸੰਗਤ ਅਤੇ ਪੰਗਤ ਦਾ ਸਿਧਾਂਤ ਅਮਲੀ ਰੂਪ ਵਿੱਚ ਇਸ ਦਾ ਲਖਾਇਕ ਹੈ। ਗੁਰਮਤਿ ਵਿੱਚ ਦਰਸ਼ਨ ਇਸ਼ਨਾਨ ਦੀ ਵੀ ਸਾਂਝ ਹੈ। ਗੁਰਮਤਿ ਵਿੱਚ ਕੇਵਲ ਅਤੇ ਕੇਵਲ ਜਬਰ, ਜ਼ੁਲਮ, ਧੱਕੇ, ਵਿਤਕਰੇ, ਬੇਇਨਸਾਫੀ, ਊਚ–ਨੀਚ ਅਤੇ ਜਾਤ–ਪਾਤ, ਕਰਮਕਾਂਡੀ, ਪਾਖੰਡਵਾਦੀ ਸੋਚ ਅਤੇ ਸਿਸਟਮ ਦਾ ਵਿਰੋਧ ਹੈ ਜੋ ਸਰਬੱਤ ਦੇ

ਭਲੇ ਵਿੱਚ ਹੈ । ਉੱਤਮ ਹੈ । ਨਿਵੇਕਲਾ ਹੈ ।

ਸੱਯਦ ਪੀਰ ਬੁਧੂ ਸ਼ਾਹ ਅਜੋਕੇ ਹਰਿਆਣੇ ਦੇ ਜਿਲ੍ਹਾ ਅੰਬਾਲਾ ਦੇ ਕਸਬੇ ਸੰਢੌਰਾ, ਜਿਸ ਨੂੰ ਪਹਿਲਾਂ 'ਸਾਧਵਾੜਾ' ਵੀ ਕਿਹਾ ਜਾਂਦਾ ਸੀ, ਦਾ ਵਸਨੀਕ ਸੀ । ਉਨ੍ਹਾਂ ਦਾ ਜਨਮ ਸਢੌਰੇ ਦੇ ਰੱਜੇ-ਪੁੱਜੇ ਪਰਿਵਾਰ ਵਿੱਚ ਮਸ਼ਹੂਰ ਮੌਲਾਣਾ ਸੱਯਦ ਗੁਲਾਮ ਸ਼ਾਹ ਦੇ ਘਰ ੧੩ ਜੂਨ, ੧੬੪੭ ਈ. ਵਿੱਚ ਹੋਇਆ । ਸੱਯਦ ਗੁਲਾਮ ਸ਼ਾਹ ਦਾ ਸਬੰਧ ਵੰਸਜ਼ ਤੌਰ ਉਤੇ ਸਮੇਂ ਦੇ ਮਹਾਨ ਫਕੀਰ ਨਿਜਾਮਉਦੀਨ ਔਲੀਆ ਨਾਲ ਜਾ ਜੁੜਦਾ ਹੈ । ਔਲੀਆ ਜੀ ਦਾ ਦੇਹਾਂਤ ੧੬੨੫ ਈ: ਵਿੱਚ ਹੋਇਆ । ਮਹਾਨ ਫਕੀਰ ਨਿਜਾਮਉਦੀਨ ਔਲੀਆ ਬਾਰੇ ਮੌਖਿਕ ਇਤਿਹਾਸ ਅਨੁਸਾਰ ਕਿਹਾ ਜਾਂਦਾ ਹੈ ਕਿ ਜਦੋਂ ਉਹ ਸ੍ਰੀ ਅੰਮ੍ਰਿਤਸਰ ਸਾਹਿਬ – ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਉਹਨਾ ਨੇ ਉਥੋਂ ਦਾ ਰਮਣੀਕ ਮਹੌਲ, ਅੰਮ੍ਰਿਤ ਸਰੋਵਰ, ਸ੍ਰੀ ਦਰਬਾਰ ਸਾਹਿਬ ਦੀ ਸਾਨ, ਗੁਰਬਾਣੀ ਦਾ ਕੀਰਤਨ/ਕਥਾ ਸਹਿਜਤਾ ਅਤੇ ਸਾਂਝੀਵਾਲਤਾ ਵੇਖ ਸੁਣਕੇ ਗੁਰਬਾਣੀ ਦੇ ਸੱਚ ਅਤੇ ਰਹੱਸ ਨੂੰ ਸਮਝਕੇ ਆਖਿਆ ਸੀ ਕਿ ਜਿਸ ਦਿਨ ਦੁਨੀਆਂ ਦੇ ਬੰਦੇ ਸਿਆਣੇ ਹੋ ਜਾਣਗੇ ਤਾਂ ਦੁਨੀਆਂ ਦਾ ਇੱਕ ਧਰਮ, ਇੱਕ ਧਾਰਮਿਕ ਗ੍ਰੰਥ ਅਤੇ ਇੱਕ ਧਾਰਮਿਕ ਕੇਂਦਰੀ ਸਥਾਨ ਹੋਵੇਗਾ । ਉਹ ਧਰਮ 'ਸਿੱਖ ਧਰਮ' ਹੋਵੇਗਾ ਅਤੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਕੇਂਦਰੀ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਹੋਵੇਗਾ । ਪੀਰ ਬੁੱਧੂ ਸ਼ਾਹ ਰੱਬੀ ਰੰਗ ਵਿੱਚ ਰੰਗਿਆ ਮਸਤ ਦੀਵਾਨਾ ਫਕੀਰ ਸੀ । ਭਗਤੀ ਕਰਦਿਆਂ ਉਹ ਪਰਮਾਤਮਾ ਨਾਲ ਮਿਲਾਪ ਲਈ ਉਤਸਕ ਅਤੇ ਅਭਿਲਾਸ਼ੀ ਸੀ । ਭਾਵੇਂ ਅਕੀਦੇ ਕਰਕੇ ਉਹ ਮੁਸਲਮਾਨ ਫ਼ਕੀਰ ਸੀ ਪ੍ਰੰਤੂ ਇਸਲਾਮ ਵਿੱਚ ਆਈ ਅੰਨ੍ਹੀ ਕੱਟੜਤਾ, ਇਸਲਾਮੀ ਰਾਜ ਵੱਲੋਂ ਆਪਣੀ ਹੀ ਪਰਜਾ ਖ਼ਾਸ ਕਰਕੇ ਹਿੰਦੂਆਂ ਉਤੇ ਕੀਤੇ ਜਾ ਰਹੇ ਜ਼ਬਰ, ਜ਼ੁਲਮ, ਕਤਲੇਆਮ, ਜ਼ਬਰੀ ਧਰਮ ਤਬਦੀਲੀ ਦੇ ਹੱਕ ਵਿੱਚ ਨਹੀਂ ਸੀ । ਪੀਰ ਬੁੱਧੂ ਸ਼ਾਹ ਦੇ ਮੁਰੀਦਾਂ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇਂ ਅਕੀਦਿਆਂ ਵਾਲੇ ਲੋਕ ਸਨ । ਹਿੰਦੂਆਂ ਲਈ ਲੰਗਰ ਵੱਖਰਾ ਅਤੇ ਹਿੰਦੂਆਂ ਵੱਲੋਂ ਹੀ ਤਿਆਰ ਕੀਤਾ ਜਾਂਦਾ ਸੀ ਤਾਂ ਜੋ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕਿਸੇ ਤਰ੍ਹਾਂ ਦੀ ਠੇਸ ਨਾ ਪਹੁੰਚੇ । ਇਹ ਪ੍ਰਬੰਧ ਨਿਸ਼ਚੇ ਹੀ ਇਸਲਾਮੀ ਸਿਧਾਂਤ ਅਤੇ ਪਰੰਪਰਾ ਤੋਂ ਪਰੇਰੇ ਸੀ । ਫਕੀਰ ਕਮਲੇਸ਼ ਸ਼ਾਹ ਅਤੇ ਭਗਤ ਸਧਨਾਂ ਜੀ ਵੀ ਇਸ ਨਗਰ ਸਢੌਰਾ ਵਿਖੇ ਹੀ ਬਿਰਾਜਦੇ ਰਹੇ ਸਨ ।

ਪੀਰ ਬੁੱਧੂ ਸ਼ਾਹ ਜੀ ਦਾ ਅਸਲ ਨਾ ਸੱਯਦ ਸ਼ਾਹ ਬਦਰੁੱਦੀਨ ਸੀ । ਸਢੌਰਾ ਉਸ ਵੇਲੇ ਮੁਸਲਮਾਨਾਂ ਦਾ ਗੜ੍ਹ ਸੀ । ਹੁਣ ਇਹ ਨਗਰ ਤਹਿਸੀਲ ਨਾਰਾਇਣਗੜ੍ਹ ਵਿੱਚ ਹੈ ਅਤੇ ਦਸਮੇਸ਼ ਜੀ ਦੀ ਵਸਾਈ ਨਗਰੀ ਪਾਉਂਟਾ ਸਾਹਿਬ ਤੋਂ ਨਜ਼ਦੀਕ ਹੈ । ਗ੍ਰਹਿਸਤੀ ਹੋਣ ਦੇ ਬਾਵਜੂਦ ਪੀਰ ਜੀ ਦੀ ਬਿਰਤੀ ਡੂੰਘੇ ਅਧਿਆਤਮਕ ਰੰਗ ਵਿੱਚ ਰੰਗੀ ਹੋਈ ਸੀ । ਆਪ ਸਹੀ ਅਰਥਾਂ ਵਿੱਚ ਧਾਰਮਿਕ ਭਾਵਨਾਂ ਵਾਲੇ ਅਤੇ ਖੁਦਾ ਦੇ ਰਾਹ ਦੇ ਮੁਤਲਾਸੀ ਸਨ । ਹਰ ਵੇਲੇ ਖੁਦਾ ਦੀ ਬੰਦਗੀ ਵਿੱਚ ਰਹਿਣ ਕਰਕੇ ਇਲਾਕੇ ਦੇ ਲੋਕਾਂ ਵਿੱਚ ਪੀਰ ਵਜੋਂ ਆਪ ਦੀ ਮਾਨਤਾ ਸਥਾਪਤ ਹੋ ਚੁੱਕੀ ਸੀ । ਹਮੇਸ਼ਾਂ ਹੀ ਰੱਬੀ ਰੰਗ ਵਿੱਚ ਮਸਤ ਦੀਵਾਨਿਆਂ ਵਾਂਗ ਵਿਚਰਦੇ ਰਹਿਣ ਕਰਕੇ ਲੋਕ ਉਹਨਾਂ ਨੂੰ ਪਹਿਲੋਂ- ਪਹਿਲ ਕਮ-ਅਕਲ ਤਥਾ ਸਾਧਾਰਣ ਮਨੁੱਖ ਸਮਝਕੇ ਬੁੱਧੂ ਵੀ ਕਹਿੰਦੇ ਸਨ । ਅਕਾਲ ਪੁਰਖ ਨਾਲ ਓਤ ਪੋਤ ਲੋਕਾਂ ਬਾਰੇ ਹਮੇਸ਼ਾਂ ਹੀ ਸੰਸਾਰ ਨੂੰ ਇਸੇ ਤਰ੍ਹਾਂ ਦੇ ਭੁਲੇਖੇ ਹੀ ਪੈਂਦੇ ਰਹੇ ਹਨ । ਸ੍ਰੀ ਗੁਰੂ ਨਾਨਕ ਦੇਵ ਜੀ

ਨੂੰ ਵੀ ਕੁਰਾਹੀਆ, ਬੇਤਾਲਾ ਅਤੇ ਭੂਤਨਾ ਆਦਿ ਕਿਹਾ ਗਿਆ ਸੀ । ਕਾਜ਼ੀਆਂ ਅਤੇ ਮੌਲਾਣਿਆਂ ਦੇ ਵਰਗ ਵਿਚੋਂ ਸੱਯਦਾਂ ਦਾ ਇਸਲਾਮ ਵਿੱਚ ਬਹੁਤ ਸਤਿਕਾਰ ਸੀ । ਮੁਸਲਮਾਨ ਬਾਦਸ਼ਾਹਾਂ ਦੇ ਹਾਥੀਆਂ ਦੇ ਮਹਾਵਤ ਸੱਯਦ ਇਸ ਕਰਕੇ ਹੀ ਹੁੰਦੇ ਸਨ ਕਿਉਂਕਿ ਉਹ ਪਾਕ-ਪਵਿੱਤਰ ਅਤੇ ਖੁਦਾ ਦੇ ਬੰਦੇ ਸਮਝੇ ਜਾਂਦੇ ਸਨ ਅਤੇ ਮੁਸਲਮਾਨ ਬਾਦਸ਼ਾਹ ਵੱਲ ਪਿੱਠ ਕਰਕੇ ਕੇਵਲ ਉਹ ਹੀ ਬੈਠ ਸਕਦੇ ਸਨ । ਪੀਰ ਜੀ ਉਤੇ ਕਬੀਰ ਜੀ ਦਾ ਇਹ ਸ਼ਬਦ ਪੂਰਾ ਢੁਕਦਾ ਹੈ :-

*ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥ ਸੰਤਹੁ ਬਨਜਿਆ ਨਾਮੁ ਗੋਬਿੰਦ ਕਾ ਐਸੀ ਖੇਪ ਹਮਾਰੀ ॥ (੧੧੨੩)*

੧੬੮੫ਈ: ਵਿੱਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕਰਕੇ ਆਪਣੀ ਸਹਾਇਤਾ ਲਈ ਬੁਲਾਇਆ । ਗੁਰੂ ਜੀ ਨੇ ਰਾਜੇ ਤੋਂ ਜ਼ਮੀਨ ਮੁੱਲ ਲੈ ਕੇ ਜਮਨਾ ਦੇ ਕਿਨਾਰੇ ਇੱਕ ਕਿਲ੍ਹਾ ਬਣਵਾਇਆ । ਇਸ ਦਾ ਨਾਂ ਪਾਂਵਟਾ (ਅਜੋਕਾ ਪਾਉਂਟਾ ਸਾਹਿਬ) ਰੱਖਿਆ ਗਿਆ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

*ਪਾਂਵ ਟਿਕਯੋ ਸਤਿਗੁਰੂ ਕੋ ਅਨੰਦਪੁਰ ਤੇ ਆਇ ॥ ਨਾਮ ਧਰਯੋ ਇਸ ਪਾਂਵਟਾ ਸਭ ਦੇਸਨ ਪ੍ਰਗਟਾਇ ॥ (ਗੁ:ਪ੍ਰ:ਸੂ:)*

ਇਸ ਅਸਥਾਨ ਉਤੇ ਗੁਰੂ ਜੀ ਕੋਲ ਦੂਰੋਂ- ਦੂਰੋਂ ਸੰਸਕ੍ਰਿਤ, ਉਰਦੂ, ਫਾਰਸੀ, ਬ੍ਰਜ ਭਾਸ਼ਾ ਅਤੇ ਪੰਜਾਬੀ ਦੇ ਵਿਦਵਾਨ ਸੱਜਣ ਅਤੇ ਪ੍ਰਸਿੱਧ ਕਵੀ ਆਕੇ ਰਹਿਣ ਲੱਗੇ । ਜਮਨਾ ਦੇ ਕਿਨਾਰੇ ਕਵੀ ਦਰਬਾਰ ਹੁੰਦੇ ਸਨ। ਮਾਨੋ ਇਸ ਧਰਤੀ ਨੂੰ ਭਾਗ ਲੱਗ ਗਏ। ਗੁਰ ਫੁਰਮਾਨ ਹੈ, *'ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥'* (੩੧੦) ਤਥਾ *'ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥ ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮ ॥'* (੮੧੬) ਬਹੁਤ ਸਾਰਾ ਸਾਹਿਤ ਇਥੇ ਰਚਿਆ ਗਿਆ। ਸਤਿਗੁਰਾਂ ਦੀ ਕਥਾ ਵਖਿਆਨ ਅਤੇ ਆਤਮ-ਪਰਮਾਤਮ ਬਾਰੇ ਰਹੱਸਮਈ ਬਾਤਾਂ ਸੁਣਕੇ ਸੰਗਤਾਂ ਅੰਦਰ ਅਨੰਦ-ਮੰਗਲ ਬਣਿਆ ਹੋਇਆ ਸੀ । ਗੁਰ ਫੁਰਮਾਨ ਹੈ :-

*ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥*
*ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥ (੮੨੦)*

ਪੀਰ ਬੁੱਧੂ ਸ਼ਾਹ ਦੇ ਅੰਦਰ ਖੁਦਾ ਨੂੰ ਮਿਲਣ ਦੀ ਸੱਚੀ ਅਤੇ ਤੀਬਰ ਤਾਂਘ ਲੱਗੀ ਹੋਈ ਸੀ । ਕਿਉਂਕਿ ਪੀਰ ਬੁੱਧੂ ਸ਼ਾਹ ਆਪਣੀ ਪਾਕੀਜ਼ਗੀ ਅਤੇ ਭਗਤੀ ਦੇ ਬਾਵਜੂਦ ਅਜੇ ਅੱਲ੍ਹਾ ਪਾਕ ਨਾਲ ਮੁਕੰਮਲ ਮੇਲ-ਮਿਲਾਪ ਇਕਮਿਕ ਹੋਣ ਦਾ ਇੱਛਾਵਾਨ ਸੀ। ਇਸ ਇੱਛਾ ਦੀ ਪੂਰਤੀ ਲਈ ਮਹਾਂਪੁਰਖਾਂ ਦੀ ਸੰਗਤ ਦੀ ਚਾਹਨਾ ਵੀ ਉਨ੍ਹਾਂ ਨੂੰ ਰਹਿੰਦੀ ਸੀ ਅਤੇ ਮਨ ਵਿੱਚ ਬੈਰਾਗ ਉਤਪੰਨ ਹੁੰਦਾ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਟਨਾ ਸਾਹਿਬ ਵਿਖੇ ਪ੍ਰਕਾਸ਼ ਸਮੇਂ ਉਹਨਾਂ ਅੰਦਰ ਅਕਾਲ ਜੋਤਿ ਦੀ ਪਛਾਨ ਕਰਨ ਅਤੇ ਇਸਲਾਮੀ ਅਕੀਦੇ ਦੇ ਉਲਟ ਉਸ ਅਕਾਲ ਜੋਤਿ ਨੂੰ ਨਤਮਸਤਕ ਹੋਣ ਹਿਤ ਪੂਰਬ ਵੱਲ ਨੂੰ ਸਿਜਦਾ ਕਰਨ ਵਾਲੇ ਕਸਬਾ ਕੁਹਰਾਮ (ਘੜਾਮ) ਹੁਣ ਜਿਲ੍ਹਾ ਪਟਿਆਲਾ ਦੇ ਰਹਿਣ ਵਾਲੇ ਸੱਯਦ ਪੀਰ ਭੀਖਨ ਸ਼ਾਹ ਨਾਲ ਵੀ ਉਨ੍ਹਾਂ ਦਾ ਸੰਪਰਕ ਰਿਹਾ ਸੀ । ਇਸ ਲਈ ਉਨ੍ਹਾਂ ਤੋਂ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਬਾਰੇ ਉਨ੍ਹਾਂ ਨੂੰ ਜਾਣਕਾਰੀ ਪ੍ਰਾਪਤ ਸੀ।

(ਚਲਦਾ ..... )

# ਦਸਮੇਸ਼ ਦਰਪਣ - ੬

-ਡਾ. ਤਾਰਨ ਸਿੰਘ

ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹਾਦਤ ਬਾਰੇ ਕੋਈ ਪ੍ਰਤੀ-ਕਰਮ ਦਿੱਤਾ ਹੀ ਨਹੀਂ ਹੈ-

*ਰਾਮ ਦਾਸ ਹਰਿ ਸੋ ਮਿਲ ਗਏ ॥*
*ਗੁਰਤਾ ਦੇਤ ਅਰਜਨਹਿ ਭਏ ॥*
*ਜਬ ਅਰਜਨ ਪ੍ਰਭ ਲੋਕ ਸਿਧਾਏ ॥*
*ਹਰਿ ਗੋਬਿੰਦ ਤਿਹ ਠਾਂ ਠਹਿਰਾਏ ॥੧੧॥*

ਹੈਰਾਨੀ ਹੁੰਦੀ ਹੈ ਕਿ ਇਤਨੀ ਮਹਾਨ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ 'ਪ੍ਰਭ ਲੋਕ ਸਿਧਾਏ' ਹੀ ਕਿਹਾ ਹੈ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਬਾਰੇ ਕਿੰਨਾ ਕੁਝ ਹੀ ਕਹਿ ਦਿੱਤਾ ਹੈ ? ਗੁਰੂ ਦੀ ਗਲ ਗੁਰੂ ਜਾਣੇ, ਪਰ ਭਾਵ ਸਪੱਸ਼ਟ ਹੈ ਕਿ ਸ਼ਹਾਦਤਾਂ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਇਸ ਲਈ ਨਿਆਰੀ ਤੇ ਵੱਡੀ ਹੈ ਕਿ ਇਹ ਸਿੱਖ ਧਰਮ ਦੇ ਇੱਕ ਵਿਸ਼ੇਸ਼ ਕਰਤਵ ਨੂੰ ਰੂਪਮਾਨ ਕਰਦੀ ਹੈ । ਉਹ ਕਰਤਵ ਇਹ ਹੈ ਕਿ -

*ਜਹਾਂ ਜਹਾਂ ਖਾਲਸਾ ਜੀ ਸਾਹਿਬ,*
*ਤਹਾਂ ਤਹਾਂ ਰਛਿਆ ਰਿਆਇਤ ॥*

ਭਾਵ- ਜਦੋਂ ਤੀਕ 'ਖਾਲਸਾ' ਕਾਇਮ ਹੈ, ਇਸ ਨੂੰ 'ਸਾਹਿਬੀ' ਪ੍ਰਾਪਤ ਹੈ, ਪਰ ਇਸ 'ਸਾਹਿਬੀ' ਦਾ ਮੁਖ ਕਰਤਵ ਇਹ ਹੈ ਕਿ ਦੂਜੇ ਧਰਮਾਂ, ਸਭਿਆਚਾਰਾਂ ਨੂੰ 'ਰਖਿਆ' ਦੇ ਸਕੇ, ਸਗੋਂ ਆਪਣਿਆਂ ਨਾਲੋਂ ਉਹਨਾਂ ਨੂੰ ਵਧੇਰੇ ਪਿਆਰ-ਰਿਆਇਤ ਦੇਵੇ। ਆਪਣੇ ਅਕੀਦਿਆਂ ਅਤੇ ਵਿਸ਼ਵਾਸ਼ਾਂ ਲਈ ਅਨੇਕ ਸ਼ਹੀਦ ਹੋਏ ਭਾਵੇਂ ਜਿੰਨ੍ਹਾਂ ਅਜ਼ਾਦੀਆਂ ਲਈ ਆਪ ਨੇ ਨਾਹਰਾ ਮਾਰਿਆ, ਉਹ ਅੰਤਰ ਰਾਸ਼ਟਰੀ ਤੌਰ ਤੇ ਪਰਮਾਣੀਕ ਤੇ ਸਰਬ ਸਾਂਝੀਆਂ ਹਨ, ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹਾਦਤ ਐਸੇ ਕਰਤਵ ਲਈ ਦਿਤੀ ਜਿਥੇ ਅਪਣਤ ਦਾ ਬਿਲਕੁਲ ਅਭਾਵ ਸੀ, ਅਤੇ ਕੇਵਲ 'ਰਛਿਆ' ਤੇ 'ਰਿਆਇਤ' ਲਈ ਕਰਤਵ ਕੀਤਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੇ ਆਪਣੇ ਗ੍ਰੰਥ ਅਤੇ ਗੁਰਤਾ ਨਾਲ ਧੱਕਾ ਹੋ ਰਿਹਾ ਸੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਮੇਂ ਸਿੱਖਾਂ ਨਾਲ ਸਿੱਧਾ ਧੱਕਾ ਨਹੀਂ ਸੀ ਹੋ ਰਿਹਾ, ਹਿੰਦੂਆਂ ਨਾਲ ਸਿੱਧਾ ਧੱਕਾ ਹੋ ਰਿਹਾ ਸੀ, 'ਤਿਲਕ ਜੰਞੂ' ਨਾਲ ਸਿੱਧਾ ਧੱਕਾ ਹੋ ਰਿਹਾ ਸੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਖਾਲਸੇ ਵਾਲੀ 'ਰਛਿਆ ਰਿਆਇਤ' ਪਰਦਾਨ ਕਰਨ ਹਿਤ ਸ਼ਹਾਦਤ ਦਿਤੀ । ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਸ਼ਹੀਦੀ ਇਤਿਹਾਸ ਦਾ ਪਹਿਲਾ ਪੜਾਅ ਤੇ ਕੜੀ ਸੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਇਸ ਸ਼ਹੀਦੀ ਇਤਿਹਾਸ ਦੀ ਸਿਖਰ ਤੇ ਅੰਤਮ ਸਰੂਪ ਸੀ । ਸ਼ਹੀਦ ਇਸ ਤੋਂ ਉੱਚੀ ਕਿਸੇ ਸ਼ਹੀਦੀ ਆਦਰਸ਼ ਦੀ ਕਲਪਨਾ ਨਹੀ ਕਰ ਸਕਦਾ ।

ਸ਼ਹਾਦਤ ਇੱਕ ਜੀਵਨ ਜੀਣ ਦਾ ਢੰਗ ਵੀ ਹੈ, ਕੇਵਲ ਮਰਨ ਦੀ ਘਟਨਾ ਨਹੀਂ ਹੈ, ਸਗੋਂ ਜੀਵਨ-ਢੰਗ ਦੇ ਤੌਰ ਤੇ ਵਧੇਰੇ ਬਲਵਾਨ ਰੂਪ ਵਿੱਚ ਪੇਸ਼ ਹੁੰਦੀ ਹੈ । ਸ਼ਹਾਦਤ ਹੈ, ਸਾਰਾ ਜੀਵਨ, ਕਿਸੇ ਉੱਚ-ਉਦੇਸ਼ ਲਈ ਦ੍ਰਿੜ੍ਹਤਾ ਤੇ ਲਗਨ ਨਾਲ ਕੰਮ ਕਰਦਿਆਂ, ਬਿਨਾਂ ਸੀ ਕੀਤੇ, ਤਸੀਹੇ ਸਹੀ ਜਾਣੇ, ਮੁਖਾਲਫਤ ਜਰੀ ਜਾਣਾ । ਸ਼ਹਾਦਤ ਆਤਮ ਬਲੀਦਾਨ ਹੈ ਅਤੇ ਇਹ ਬਲੀਦਾਨ ਆਦਰਸ਼ ਲਈ ਕਰਤਵ ਕਰਦਿਆਂ ਦੁਖ ਉਠਾਣ ਵਿੱਚ ਵਧੇਰੇ ਹੈ । ਸ਼ਹਾਦਤ ਇੱਕ ਜੀਵਨ ਦੀ ਅੰਤਮ ਘਟਨਾ ਦੇ ਤੌਰ ਤੇ ਪਰਾਪਤ

ਹੋ ਜਾਣਾ ਤੇ ਕੇਵਲ ਪਰਵਾਨਗੀ ਦਾ ਪਰਵਾਨਾ ਹੈ, ਜਿਵੇਂ '*ਮਰਣ ਮੁਣਸਾ ਸੂਰਿਆ ਹਕ*' ਹੁੰਦਾ ਹੈ।

ਪਰ ਚਾਰ ਗੱਲਾਂ ਸਿੱਖ ਧਰਮ ਦੀਆਂ ਐਸੀਆਂ ਹਨ ਜਿਹੜੀਆਂ ਮਨੁਖਤਾ ਦੀ ਆਜ਼ਾਦੀ ਦਾ ਚਾਰਟਰ ਹਨ, ਕੇਵਲ ਸਿੱਖਾਂ ਦੀ ਆਜ਼ਾਦੀ ਦਾ ਨਹੀਂ, ਜਿਹਨਾਂ ਵਿੱਚ ਸਾਰੇ ਸੰਸਾਰ ਦੀ ਭਾਵਨਾ ਹੈ, ਕੇਵਲ ਸਿੱਖਾਂ ਦੀ ਨਹੀਂ। ਲੰਗਰ ਦਾ ਸਰੂਪ ਸਾਰੀ ਮਨੁੱਖਤਾ ਦੀ ਬਰਾਬਰੀ ਤੇ ਸੁਤੰਤਰਤਾ ਦਾ ਐਲਾਨ ਹੈ, 'ਹਰੀ ਮੰਦਰ' ਦਾ ਸਰੂਪ ਤੇ ਇਤਿਹਾਸ ਸਾਰੀ ਮਨੁਖਤਾ ਦੀ ਧਾਰਮਕ ਆਜ਼ਾਦੀ ਦਾ ਚਿੰਨ੍ਹ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਾਰੇ ਸੰਸਾਰ-ਧਰਮਾਂ ਦੀ ਬਰਾਬਰੀ ਅਤੇ ਮਹਾਨਤਾ ਦੀ ਸਵੀਕਾਰਤਾ ਦਾ ਚਿੰਨ੍ਹ ਹੈ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਮਨੁੱਖਤਾ ਦੀ ਹਰ ਪਰਕਾਰ ਦੀ ਸੁਤੰਤਰਤਾ ਦੀ ਜ਼ਮਾਨਤ ਦਾ ਚਿੰਨ੍ਹ ਹੈ, ਜਿੱਥੇ ਖਾਲਸੇ ਨੇ 'ਰਛਿਆ-ਰਿਆਇਤ' ਪ੍ਰਣ ਨਿਭਾਣਾ ਹੈ।

ਇਸ ਸ਼ਹਾਦਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਆਰੀ ਅਤੇ ਮਹਾਨ ਸ਼ਹਾਦਤ ਇਸੇ ਲਈ ਸਵੀਕਾਰ ਕੀਤਾ, ਕਿ ਆਪ ਨੇ ਖਾਲਸੇ ਨੂੰ ਜੋ ਉਦੇਸ਼ ਦਿੱਤਾ, ਉਸ ਦਾ ਸਾਖਿਆਤ ਰੂਪ ਅਤੇ ਉਸ ਰੂਪ ਦੀ ਸਿਖਰ ਇਹੋ ਸੀ। ਜੋ ਵੀ ਉਦੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਲਈ ਸਥਾਪਤ ਕੀਤਾ, ਉਸ ਦਾ ਪਰਤਖ ਰੂਪ ਇਹ ਸ਼ਹਾਦਤ ਸੀ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਰੂਪ ਰੇਖਾ ਨੂੰ ਪੂਰਨ ਭਾਂਤ ਪ੍ਰਕਾਸ਼ਮਾਨ ਕੀਤਾ, ਤਾਂ ਉਸ ਦਾ ਆਦਰਸ਼ ਇਹ ਸ਼ਹਾਦਤ ਠਹਿਰਾਇਆ। ਆਪਣੇ ਧਰਮ, ਦੇਸ਼, ਸਭਿਆਚਾਰ ਲਈ ਅਨੇਕ ਸ਼ਹੀਦ ਹੋਏ ਹਨ ਅਤੇ ਹੁੰਦੇ ਰਹਿਣਗੇ। ਪਰ ਦੂਜੇ ਨਿਰਬਲਾਂ ਲਈ ਕੌਣ ਅੱਗੇ ਨਿਤਰੇਗਾ ? ਇਹ ਖਾਲਸੇ ਦਾ 'ਸਿਰਰ' ਹਾ੨੫੩- 'ਸੀਸ ਦੀਆ ਪਰ ਸਿਰਰੁ ਨ ਦੀਆ।'

੨) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਸੰਕੇਤ ਨਹੀਂ ਕੀਤਾ। ਜਿਸ ਵਿਚੋਂ ਇਹ ਪ੍ਰਗਟ ਹੁੰਦਾ ਹੋਵੇ ਕਿ ਇਸ ਸ਼ਹਾਦਤ ਦੀ ਮੂਲ ਪਰੇਰਨਾ ਆਪ ਸਨ ਜਿਵੇਂ ਪਰਚਲਤ ਹੈ ਕਿ ਕਸ਼ਮੀਰੀ ਪੰਡਤ ਆਏ (ਗੁਰੂ) ਗੋਬਿੰਦ (ਸਿੰਘ) ਜੀ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਉਤਸ਼ਾਹਤ ਕੀਤਾ ਕਿ ਉਹ ਇਸ ਵੇਲੇ ਦੇ ਮਹਾਨ ਪੁਰਸ਼ ਹਨ। ਜਿਹਨਾਂ ਦੀ ਸ਼ਹਾਦਤ ਰੰਗ ਲਿਆ ਸਕਦੀ ਸੀ। ਇਕ ਇਹ ਰਵਾਇਤ ਅਤੇ ਇਕ ਇਹਨਾਂ ਸਲੋਕਾਂ ਪਿਛੇ ਤੁਰੀ ਆ ਰਹੀ ਰਵਾਇਤ ਕਿ-

*ਬਲੁ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥ ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥ ਨਾਨਕ ਸਭੁ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥*

ਸ਼ਾਇਦ, ਕਿਸੇ ਨਾ ਕਿਸੇ ਰੂਪ ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਤਾ ਦੀ ਸ਼ੋਭਾ ਲਈ ਸੰਤੋਖ ਜਨਕ ਨਹੀਂ। ਨਿਸ਼ਚੇ ਹੀ ਜੋ ਕੁਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਰ ਵਿਖਾਇਆ, ਉਸ ਦੀ ਮੂਲ ਪਰੇਰਨਾ 'ਅਕਾਲ ਪੁਰਖ' ਆਪ ਹੀ ਸੀ ਤੇ ਜੇ ਉਸ ਘਟਨਾ ਦੇ ਪਿਛੋਕੜ ਵਿੱਚ ਕੋਈ ਨਾਟਕ ਵਾਪਰਿਆ ਤਾਂ ਉਹ ਕੇਵਲ ਨਾਟਕ ਹੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਧਰੇ ਉਸ ।੩੧੪ਹਾਦਤ ਦੀ ਸਾਖ ਆਪਣੇ ਲਈ ਸੁਰਖਸ਼ਤ ਨਹੀਂ ਕਰਦੇ। ਆਪ ਤੇ ਕਹੀ ਜਾ ਰਹੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ -

*ਕੀਨੋ ਬਡੋ ਕਲੂ ਮਹਿ ਸਾਕਾ ॥*
*ਸਾਧਨ ਹੇਤਿ ਇਤੀ ਜਿਨਿ ਕਰੀ ॥*
*ਸੀਸੁ ਦੀਆ ਪਰ ਸੀ ਨ ਉਚਰੀ ॥*
*ਧਰਮ ਹੇਤ ਸਾਕਾ ਜਿਨਿ ਕੀਆ ॥*
*ਸੀਸੁ ਦੀਆ ਪਰ ਸਿਰਰੁ ਨ ਦੀਆ ॥*

ਇਸ ਸ਼ਹਾਦਤ ਦੀ ਸਾਰੀ ਸਾਖ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਹੈ। ਇਹ ਸ਼ਹਾਦਤ

'ਨਾਟਕ ਚੇਟਕ' ਨਹੀਂ ਸੀ । 'ਸ਼ਹਾਦਤ' ਨਾਟਕ ਚੇਟਕ ਹੋ ਨਹੀਂ ਸਕਦੀ। ਸ਼ਹਾਦਤ ਤੇ ਕਰਤਵ ਹੈ, ਪ੍ਰਗਟ ਤੇ ਸਪੱਸ਼ਟ, ਜਿਸ ਵਿਚ ਆਪਣੇ ਆਪ ਦਾ ਬਲੀਦਾਨ ਹੈ, ਪਿਛੇ ਬਚ ਰਹਿਣਾ ਨਾਟਕ ਚੇਟਕ ਹੈ । ਅੱਗ ਵਿਚੋਂ ਬਿਨਾਂ ਲੂਸੇ ਨਿਕਲ ਜਾਣਾ ਨ ਬਲੀਦਾਨ ਹੈ ਨਾ ਸ਼ਹਾਦਤ ਹੈ, ਨਾਟਕ ਚੇਟਕ ਹੈ । ਸ਼ਹਾਦਤ ਤਾਂ ਜੀਵਨ-ਢੰਗ ਹੈ ਜਿਸ ਤੇ ਸਾਧਾਰਨ ਸਿੱਖ ਤੁਰ ਸਕੇ, ਨਾਟਕ ਚੇਟਕ ਨਹੀਂ । ਸਰੀਰ, ਸਮੇਂ ਸਥਾਨ ਦੀਆਂ ਸਾਰੀਆਂ ਬੰਦਸ਼ਾਂ ਵਿੱਚ ਰਹਿ ਕੇ ਹੀ ਸ਼ਹਾਦਤ ਤੇ ਪਰਵਾਨ ਹੋਣੀ ਹੈ । ਸ਼ਹਾਦਤ 'ਨਾਟਕ ਚੇਟਕ' ਦੇ ਉਲਟ ਚੀਜ਼ ਹੈ ਅਤੇ ਇਸੇ ਸਿਧਾਂਤ ਨੂੰ ਦਸਮ ਪਿਤਾ ਨੇ ਖਾਲਸੇ ਦੀ ਨੀਂਹ-ਸ਼ਿਲਾ ਸਥਾਪਨ ਕੀਤਾ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖਾਲਸੇ ਨੂੰ ਸਾਧਾਰਨ ਗ੍ਰਸਤੀ ਰਹਿਣ ਦਾ ਆਦੇਸ਼ ਦੇ ਕੇ ਵੀ ਇਸੇ ਸਿਧਾਂਤ ਨੂੰ ਸਥਾਪਤ ਕੀਤਾ । ਜੀਵਨ ਵ੍ਹਿਚ ਨਾਟਕ ਚੇਟਕ ਤੇ ਛਿੰਨ ਭੰਗਰ ਕੋਈ ਚਮਤਕਾਰ ਹੋ ਸਕਦੇ ਹਨ, ਜੋ ਛਾਈ ਮਾਈ ਹੋ ਜਾਂਦੇ ਹਨ, ਪਰ ਜੀਵਨ ਤੇ ਬੜੀ ਕਠੋਰ ਅਸਲੀਅਤ ਹੈ । ਇਹ ਤਾਂ ਜੀਣਾ ਪੈਂਦਾ ਹੈ, ਜਾਂ ਇਸ ਦੀ ਰਖਿਆ ਲਈ ਕਿਸੇ ਨੂੰ ਸਚ ਮੁਚ ਮਰਨਾ ਪੈਂਦਾ ਹੈ, ਨਾਟਕ-ਚੇਟਕਾਂ ਨਾਲ ਤਾਂ ਕੰਮ ਸਰਦਾ ਨਹੀਂ ਹੈ ।

ਸੋ ਸਿੱਖ-ਧਰਮ ਦਾ ਸਿਧਾਂਤ ਜੀਵਨ-ਰਖਿਆ ਲਈ ਮਰਨਾ ਹੈ ਅਤੇ ਇਸ ਸ਼ਹਾਦਤ ਤੇ ਹੋਰਨਾਂ ਸ਼ਹਾਦਤਾਂ ਵਿੱਚੋਂ ਰੂਪਮਾਨ ਹੈ । .

੩) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ 'ਧਰਮ ਹੇਤ' ਤੇ 'ਸਾਧਨਿ ਹੇਤ' ਸੀ । ਕੇਵਲ 'ਸਿਖ ਧਰਮ ਹੇਤਿ' ਅਤੇ 'ਸਿਖ ਸਾਧਨਿ ਹੇਤ' ਨਹੀਂ ਸੀ । 'ਧਰਮ' ਇੱਕ ਸਰਬ-ਵਿਆਪੀ ਚੀਜ਼ ਹੈ, ਇਕ ਸਥਾਨਕ ਰੰਗ ਨਹੀਂ ਹੈ, ਭਾਵੇਂ ਹਰ ਧਰਮ ਦਾ ਸਥਾਨਕ ਰੰਗ ਹੋਣਾ ਅਤੀ ਉਚਿਤ ਹੈ । ਪਰ ਜਿਥੇ ਬਲ ਕੇਵਲ ਸਥਾਨਕਤਾ ਤੇ ਰਹਿ ਗਿਆ ਹੈ, ਉਹ ਧਰਮ ਅਸਲ ਧਰਮ-ਭਾਵਨਾ ਦੇ ਪ੍ਰਤੀਕੂਲ ਹੋ ਜਾਂਦਾ ਹੈ। ਧਰਮ ਤਾਂ ਸਰਬ-ਵਿਆਪੀ ਸਾਰੀ ਮਨੁਖਤਾ ਨਹੀ ਸਾਂਝੇ ਸਚ ਤੇ ਨਿਆਂ ਦਾ ਰਾਖਾ ਹੈ । ਕਿਸੇ ਦੇ ਧਰਮ ਨੂੰ ਨਾਸ਼ ਕਰਕੇ ਕੌਣ ਆਪਣੇ ਧਰਮ ਨੂੰ ਕਾਇਮ ਰਖ ਸਕਦਾ ਹੈ ? ਇਸ ਲਈ ਸਿੱਖ ਸ਼ਹਾਦਤ, ਵਿਸ਼ੇਸ਼ ਕਰਕੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਮੂਲ-ਪਰੇਰਨਾ 'ਧਰਮ ' ਹੈ ਅਤੇ 'ਸਾਧ' ਹੈ, ਨਾ ਕਿ ਕੇਵਲ ਸਿਖ ਧਰਮ ਅਤੇ ਸਿੱਖੀ । ਚੌੜੇ ਵਿਸ਼ਾਲ ਦ੍ਰਿਸ਼ਟੀ-ਕੋਣ ਤੋਂ ਸਿੱਖ ਨੇ ਸਦਾ ਵੇਖਣਾ ਹੈ । ਪਰ ਉਹ ਇਹ ਕਰ ਤਦ ਹੀ ਸਕਦਾ ਹੈ ਜੇ ਪਹਿਲਾਂ ਆਪ ਪੂਰਨ ਸਿਖ ਹੋਵੇਗਾ ਤਾਂ ।

੪) 'ਤਿਲਕ ਜੰਞੂ ਰਾਖਾ ਪ੍ਰਭ ਤਾਕਾ' - ਇਸ ਪੰਕਤੀ ਦੇ ਅਰਥ ਮੈਨੂੰ ਸਪੱਸ਼ਟ ਹਨ, ਇਸ ਦਾ ਮੈਨੂੰ ਦਾਹਵਾ ਨਹੀਂ ਹੈ ਪਰ ਮੇਰੀ ਭਾਵਨਾ ਦਿਆਨਤਦਾਰ ਹੈ । ਪ੍ਰਭੂ ਅਕਾਲ ਪੁਰਖ ਕਿਸੇ ਦੇਸ਼ ਸਭਿਅਤਾ ਸਭਿਆਚਾਰ ਤੇ ਧਰਮ ਦੀ ਰਖਿਆ ਲਈ ਹੀ ਕੋਈ ਕਰਤਵ ਕਰਦਾ ਹੈ, ਕੋਈ ਮਹਾਨ ਪੁਰਸ਼ ਭੇਜਦਾ ਹੈ । ਸਿੱਖ ਗੁਰੂ ਸਾਹਿਬਾਨ ਨੂੰ ਅਕਾਲ ਪੁਰਖ ਨੇ ਸਾਰੇ ਭਾਰਤੀ ਅਤੇ ਗੈਰ-ਭਾਰਤੀ ਧਰਮਾਂ ਤੇ ਸਾਧਾਂ ਦੀ ਰਖਿਆ ਲਈ ਹੀ ਭੇਜਿਆ ਸੀ, ਪਹਿਲਾਂ ਭਾਰਤੀ ਧਰਮਾਂ ਤੇ ਸਾਧਾਂ ਦੀ ਰਖਿਆ ਲਈ । ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਕਰਤਵ ਪੂਰਤੀ ਦਾ ਸਿਖਰ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਭਾਵਨਾ ਨੂੰ ਖਾਲਸਾ ਜੀ ਦੀ ਸਥਾਪਨਾ ਦੀ ਵੀ ਨੀਂਹ-ਸ਼ਿਲਾ ਬਣਾਇਆ। ਭਾਵ, ਸ਼ਹਾਦਤ ਦੀ ਜੋ ਸਿਖਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਪਰਾਪਤ ਕੀਤੀ, ਖਾਲਸੇ ਲਈ ਉਹ ਕਰਤਵ ਹੈ ਪ੍ਰਮਾਣੀਕ ਕਰਤਵ ਰੂਪ।

ਭਾਰਤ ਦੇ ਸਾਰੇ ਧਰਮਾਂ ਤੇ ਸਾਧਾਂ ਦੀ ਰਖਿਆ ਕਰਨੀ ਹੈ, ਸੰਸਾਰ ਦੇ ਸਾਰੇ ਧਰਮਾਂ ਅਤੇ ਸਾਧਾਂ ਦੀ ਰਖਿਆ ਕਰਨੀ ਹੈ ਅਤੇ ਅਨਿਆਂ ਤੇ ਧੱਕੇ ਨੂੰ ਖ਼ਤਮ ਕਰਨਾ ਹੈ।

੫) ਇਸ ਸ਼ਹਾਦਤ ਬਾਰੇ ਜੋ ਪੰਜਵੀਂ ਗਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਹੀ ਹੈ, ਉਹ ਵਧੇਰੇ ਸ਼ਹਾਦਤ ਦੇ ਮਗਰਲੇ ਪ੍ਰਤੀ-ਕਰਮ ਨਾਲ ਸਬੰਧਤ ਹੈ । 'ਹੈ ਹੈ ਹੈ ਸਭ ਜਗ ਭਯੋ' । 'ਜੈ ਜੈ ਜੈ ਸੁਰਲੋਕ' ਹੋ ਗਈ ਕਿਉਂਕਿ ਅਕਾਲ ਪੁਰਖ ਦੀ ਸਕੀਮ ਸਫਲ ਹੋ ਗਈ, ਭਾਰਤੀ ਧਰਮ ਦੀ ਰਖਿਆ ਹੋ ਗਈ । ਪਰ ਹੋਈ ਕਿਵੇਂ?

ਔਰੰਗਜ਼ੇਬ ਨੇ ਬੜਾ ਹੀ ਯਤਨ ਕੀਤਾ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਈ 'ਮੌਜਜ਼ਾ' (ਕਰਾਮਾਤ, ਨਾਨਕ ਚੇਟਕ) ਦਿਖਾ ਦੇਣ । ਤਦ ਹੀ ਉਹ ਉਹਨਾਂ ਨੂੰ ਪੈਗੰਬਰ ਮੰਨ ਸਕਦਾ ਸੀ– ਇਸਲਾਮ ਅਨੁਸਾਰ ਪੈਗੰਬਰ ਪਾਸ ਮੌਜ਼ਬੇ ਦੀ ਸਮਰੱਥਾ ਜ਼ਰੂਰੀ ਹੈ, ਸਿੱਖ ਸਿਧਾਂਤ ਅਨੁਸਾਰ ਭੀ 'ਰਿਧਿ ਸਿਧਿ ਨਾਵੈ ਕੀ ਦਾਸੀ' ਹੁੰਦੀ ਹੈ । ਪਰ ਜੀਵਨ ਦੇ ਮਹਾਨ ਕਰਤਵ ਤਾਂ ਹੱਡ-ਮਾਸ ਨਾਲ ਹੀ ਨਿਬੜਨੇ ਹਨ । ਮੌਜ਼ਬਾ ਕਿਸੇ ਮਹਾਂਪੁਰਸ਼ ਦੀ ਮਹਾਨਤਾ ਦਾ ਸਬੂਤ ਭਾਵੇਂ ਹੋਵੇ ਪਰ ਉਸਦਾ ਹੱਡ-ਮਾਸ ਕਿਸੇ ਮੌਜਜ਼ੇ ਨਾਲੋਂ ਵੀ ਵੱਡਾ ਸਬੂਤ ਹੁੰਦਾ ਹੈ ।

ਔਰੰਗਜ਼ੇਬ ਦੇ ਹੱਠ ਕਰਨ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਉਸ ਨਾਲ ਇਕਰਾਰ ਕੀਤਾ ਸੀ ਕਿ ਮੇਰਾ ਸਿਰ ਲਥ ਜਾਣ ਦੇ ਨਾਲ ਹੀ ਕਰਾਮਾਤ ਹੋਵੇਗੀ । ਔਰੰਗਜ਼ੇਬ ਨੂੰ ਇਸ ਗੱਲ ਦੀ ਪਤਾ ਨਹੀਂ ਕੁਝ ਸਮਝ ਆਈ ਜਾਂ ਨਾ ਆਈ ਅਤੇ ਉਸ ਨੂੰ ਕਰਾਮਾਤ ਦਿਸੀ ਜਾਂ ਨਾ ਦਿਸੀ ਪਰ ਕਰਾਮਾਤ ਵਾਪਰੀ ਜ਼ਰੂਰ ! ਉਹ ਕਰਾਮਾਤ ਇਹੋ 'ਹੈ ਹੈ ਹੈ ਸਭ ਜਗ ਭਯੋ' ਸੀ । ਸਾਰੀ ਭਾਰਤੀ ਮਨੁੱਖਤਾ ਵਿਚਾਰਵਾਨ ਹੋ ਕੇ ਉਠ ਖੜੀ ਹੋਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਨੇਹੇ ਨੂੰ ੧੬੭੫ ਈ. ਤੋਂ ੧੬੯੯ ਈ. ਤੱਕ ਸੁਣਦੀ ਰਹੀ ਅਤੇ ਅੰਤ ੧੬੯੯ ਈ. ਨੂੰ ਖਾਲਸਈ ਪਰਚਮ ਥੱਲੇ ਇਕੱਤਰ ਹੋ ਗਈ ਅਤੇ ਉਸ ਨੇ ਰਲਕੇ ਹਮਲਾ ਮਾਰਿਆ ਜਿਸਦਾ ਫਲ-ਸਰੂਪ ਉਹਨਾਂ ਅਨਿਆਂ ਦੇ ਗੜ੍ਹ ਨੂੰ ਤੋੜ ਕੇ ਫਤਹ ਪਾਈ।

ਇਹ ਸ਼ਹਾਦਤ ਬਰਦਾਸ਼ਤ ਦੀ ਹੱਦ ਦਾ ਅੰਤਮ ਦ੍ਰਿਸ਼ ਸੀ ਤੇ ਫਿਰ ਇਹ ਹੀ ਰਸਤਾ ਰਹਿ ਗਿਆ ਸੀ –

*ਚੂੰ ਕਾਰਿ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥*
*ਹਲਾਲ ਅਸਤ ਬੁਰਦਨ ਬਾਸ਼ਮਸ਼ੀਰ ਦਸਤ॥*

*'ਤੇਗ ਆਮਦ, ਬਜੰਗ ਆਮਦ'* ਫਿਰ ਇਕੋ ਤਰੀਕਾ ਰਹਿ ਜਾਂਦਾ ਹੈ 'ਸੀਸ ਦੇਣਾ ਪਰ ਸਿਰਰੁ ਨਹੀਂ ਦੇਣਾ । ਮੰਤਵ ਨੂੰ ਨਹੀਂ ਛੱਡਣਾ, ਸ਼ਹੀਦ ਹੋ ਜਾਣਾ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਸ ਸ਼ਹਾਦਤ ਨੂੰ ਵੇਖ ਕੇ 'ਹੈ ਹੈ ਹੈ' ਕੀਤਾ ਅਤੇ ਮਨੁੱਖਤਾ ਦੀ 'ਹੈ ਹੈ ਹੈ' ਸੁਣੀ। ਆਪ ਨੇ ਆਪਣੇ ਆਪ ਨੂੰ ਇਸ ਦਸ਼ਾ ਨੂੰ ਬਦਲਣ ਲਈ ਸਾਧਨ ਬਣਾਇਆ । 'ਅਕਾਲ ਪੁਰਖ' ਨੇ ਇਹੋ 'ਆਇਸ' (ਆਦੇਸ਼– ਹੁਕਮ) ਦੇ ਕੇ ਆਪ ਨੂੰ ਭੇਜਿਆ ਸੀ ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ (ਸ੍ਰੀ ਗੁਰੂ) ਗੋਬਿੰਦ (ਸਿੰਘ) ਜੀ ਨੂੰ ਸਚ ਮੁਚ 'ਦੀਨੀ ਭਾਂਤਿ ਭਾਂਤਿ ਕੀ ਸਿੱਛਾ' ਪਰ ਜੋ 'ਸਿੱਛਾ' ਆਪ ਨੇ ਆਪਣੀ ਇਸ ਸ਼ਹਾਦਤ ਦੁਆਰਾ ਆਪ ਨੂੰ ਦਿਤੀ, ਉਹ ਬਹੁਤ ਭਾਰੀ ਸੀ ਅਤੇ ਉਸੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਰਤਵ ਦੇ ਉਦੇਸ਼ ਨੂੰ ਪ੍ਰਭਾਵਤ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਵੀ ਸਨ ਤੇ ਗੁਰੂ ਵੀ, ਗੁਰੂ ਪਹਿਲੇ ਅਤੇ ਇਹ ਸ਼ਹਾਦਤ ਦਾ ਸਬਕ ਗੁਰੂ ਦਾ ਚੇਲੇ ਨੂੰ ਆਤਮ ਤੇ ਉਚਤਮ ਸਬਕ ਸੀ । ਇਸ ਟੀਸੀ ਦੀ ਸ਼ਹਾਦਤ ਦੇ ਸਾਰੇ ਅਸੂਲ ਸਿਖ ਕਰਤਵ ਦੇ ਬੁਨਿਆਦੀ ਸਿਧਾਂਤ ਹਨ ।

(ਚਲਦਾ.....)

ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ

ਚਿੱਠਾ ਆਮਦਨ-ਖਰਚ ਮਹੀਨਾ ਜੂਨ ੨੦੧੦

## GURUDWARA TAKHAT SACHKHAND SRI HAZUR ABCHALNAGAR SAHIB BOARD, NANDED

## RECEIPTS AND PAYMENTS SHEET

## FOR THE MONTH OF JUNE 2010

| SR. | NAME OF FUNDS | RECEIPTS | PAYMENTS |
|---|---|---|---|
| 1 | Advertisement | ---- | 11694-00 |
| 2 | Akhand Path | 1555761-00 | 1266890-00 |
| 3 | Ambulance | 400-00 | 1847-00 |
| 4 | Audit Fees | ---- | 3500-00 |
| 5 | Behingum Fund | ---- | 2717-00 |
| 6 | Building Fund | 4006569-63 | 3386937-00 |
| 7 | Computer | ---- | 1800-00 |
| 8 | Court Expences | ---- | 1040-00 |
| 9 | Dharam Prachar | 970881-00 | 404003-61 |
| 10 | Education Fund | 237268-00 | 199-00 |
| 11 | Electricity | ---- | 2304738-75 |
| 12 | EPF Gurdwara Board Share | ---- | 581309-00 |
| 13 | EPF Recovery | 51326-00 | ---- |
| 14 | Festival | ---- | 32388-00 |
| 15 | Fine | 6774-00 | ---- |
| 16 | Golak | 4045489-00 | ---- |
| 17 | Gratuity | ---- | 42360-00 |
| 18 | Gurdwara Banda Ghat Sahib | 162359-00 | 1971352-00 |
| 19 | Gurdwara Basmat Nagar Sahib | 144390-00 | 3608-00 |
| 20 | Gurdwara Bhajangarh Sahib | 89619-00 | ---- |
| 21 | Gurdwara Bowli Sahib | 67201-00 | ---- |
| 22 | Gurudwara Gobind Bagh | ---- | 369969-00 |
| 23 | Gurudwara Hira Ghat Sahib | 234525-00 | ---- |
| 24 | Gurudwara Mahakal Sahib | 25656-00 | ---- |
| 25 | Gurudwara Maltekri Sahib | 205253-00 | ---- |
| 26 | Gurudwara Naginaghat Sahib | 181126-00 | 611-00 |
| 27 | Gurudwara Sangat Sahib | 236897-00 | ---- |

| | | | |
|---|---|---|---|
| 28 | Gurudwara Shikarghat Sahib | 286017-00 | 55-00 |
| 29 | Honorarium | ---- | 125602-00 |
| 30 | Hospital | 71955-00 | 4933-00 |
| 31 | Interest | 486148-00 | ---- |
| 32 | ITI | 8850-00 | 491639-00 |
| 33 | Kheti Dabad | 4000-00 | 137569-00 |
| 34 | Kheti Malli | 30620-00 | 33372-50 |
| 35 | Kheti Pohradevi | 1500-00 | ---- |
| 36 | Langer | 9752256-11 | 974148-58 |
| 37 | Liabrary | ---- | 4637-00 |
| 38 | Mainantance | ---- | 16256-00 |
| 39 | Management | ---- | 9952-00 |
| 40 | Medical Sports & Other Aid | ---- | 43000-00 |
| 41 | Melawa | 8047-00 | 8700-00 |
| 42 | Misc Expenses | ---- | 16934-00 |
| 43 | Motor Tax & Insurance | ---- | 85400-00 |
| 44 | Motor Vehicle | 3250-00 | 85845-39 |
| 45 | Musium | ---- | 100496-00 |
| 46 | Nishan Sahib | 35833-00 | 53838-00 |
| 47 | Postage | ---- | 8235-00 |
| 48 | Prashad | 1892541-00 | 30144-00 |
| 49 | Printing Press | ---- | 49513-00 |
| 50 | Property Tax | 64935-00 | ---- |
| 51 | Puja Path | ---- | 7500-00 |
| 52 | Rent | 1045496-00 | ---- |
| 53 | Sachkhand Patra | 33235-00 | 37059-00 |
| 54 | Sahej Path | 68562-00 | ---- |
| 55 | Salary | 19618-00 | 4191311-00 |
| 56 | Saptah Path | 19656-00 | 1300-00 |
| 57 | Scholarship | ---- | 36250-00 |
| 58 | Shabad Bheta | 32454-00 | 12595-00 |
| 59 | Shop Deposit | 223500-00 | 216000-00 |
| 60 | Sikh Hostel Nanded | ---- | 240-00 |
| 61 | Stable | 208553-00 | 7982-00 |
| 62 | Stationary | ---- | 7265-00 |

| | | | |
|---|---|---|---|
| 63 | Store Bartan & Hardware | 900-00 | 25545-00 |
| 64 | Store Electricity | ---- | 88123-00 |
| 65 | Store General | 129935-00 | 119122-00 |
| 66 | T.A.D.A | ---- | 23850-00 |
| 67 | Telephone | 1160-94 | 16039-55 |
| 68 | Tractor | 2750-00 | 16659-00 |
| 69 | Tricentanary | 1500-00 | 1334852-00 |
| 70 | Wradhashram | 8600-00 | 120977-00 |
| 71 | Bank Charges | ---- | 227-00 |
| 72 | Deposit (Amanat) | 233002-00 | 27026-00 |
| 73 | Earnest Money Deposit | ---- | 37000-00 |
| 74 | Income Tax | 132868-00 | 165981-00 |
| 75 | Security Deposit | 225815-00 | 188658-00 |
| 76 | GPF FDR | 4764-00 | 4764-00 |
| 77 | Loans & Advance (Asset) | 2882912-00 | 2958014-00 |
| | **SUB TOTAL** | **30142727-68** | **22311572-38** |
| 78 | FDR Devotees | 485200-00 | 1964998-00 |
| 79 | FDR Gurudwara Sahib | 39000000-00 | 39000000-00 |
| 80 | Salary Deductions | 1879690-00 | 1860815-00 |
| 81 | Bank Transaction | 17996784-68 | 24400555-68 |
| 82 | Opening & Closing Balance | 93584-42 | 60045-72 |
| | **TOTAL** | **89597986-78** | **89597986-78** |

*Sd/ -* Accountant

*Sd/-* Superintendent

**Gurudwara Takhat Sachkhand Sri Hazur**
**Abchalnagar Sahib,**
**Nanded-431 601 (MS) India**

# शुभ विचार

**इहु सागरु सोई तरै**
**जो हरि गुण गाए ।।**
**साध संगति कै संगि वसै**
**वडभागी पाए ।।**

(श्री गुरु ग्रंथ साहिब जी, पृष्ठ-८१३)

जो व्यक्ति प्रभु के गुणों का गायन (स्मरण) करता है, केवल वही जिज्ञासु इस भव सागर को पार कर सकता है । वही साध संगत (साधुओं की संगत) में रहकर सत्य मार्ग को अपनाता है, सौभाग्य से ही सत्संग की प्राप्ती होती है ।

# 'श्री हरिक्रिशन धिआईऐ जिसु डिठे सभि दुख जाए'

*-डॉ. (मेजर) बलबीर सिंह जी भसीन**

श्री गुरु हरकृष्ण साहिब जी के जीवन की अल्प आयु में ही उन्होंने लोक सेवा के जो कार्य किये उस से सिद्ध हो जाता है कि भलाई के कार्यों के लिये लंबी आयु का होना कोई आवश्यक नहीं। श्री गुरु गोबिंद सिंघ जी, स्वामी विवेकानंद जी भी इस के उदाहरण है । दिल्ली में उनके आगमन के पूर्व ही इस नगर में हैजे और चेचक का प्रकोप चरम सीमा पर था । शायद ही कोई घर ऐसा था जो इन महामारियों से पीड़ित नहीं था । गुरु महाराज अपने बड़े भाई रामराय जी के बादशाह औरंगजेब को उनके विरुद्ध भड़काने पर राजा जै सिंह के माध्यम से कीरतपुर से दिल्ली आये थे । कीरतपुर में अनेकों सगे-संबंधियों और श्रद्धालुओं ने उन्हें रोका । कुछ ने संभावना प्रकट की कि बादशाह हो सकता है उन्हें कैद कर के यात्नाए दें । कुछ ने समझाया कि महामारी के कारण जब हजारों दिल्लीवासी पलायन कर दिल्ली छोड़कर अन्य स्थानों पर जा रहे हैं तो उन्हें नहीं जाना चाहिये ।

लेकिन श्री गुरु नानक देव जी की आठवीं ज्योत भला बादशाह के डर से और महामारी के प्रकोप से भला कहां विचलित होने वाले थे । उनके साथ कई श्रद्धालु भी चल पड़े । मार्ग में अम्बाला के निकट पंजोरवड़ा ग्राम के एक पंडित लाल चंद के अहंकार को उन्होंने तोड़ा । लाल चंद को उनके नाम पर एतराज था कि एक कृष्ण वह हुये जिन्होंने गीता का ज्ञान दिया था भला उनका नाम रख लेने ही से कोई ज्ञानी नहीं हो जाता । मेरे साथ वह शास्त्रार्थ करें ।

गुरु महाराज ने एक झीवर को बुला कर अमृत दृष्टि प्रदान की और उनकी कृपा दृष्टि पा कर उस झीवर ने पंडित लाल चंद के हर प्रश्न का उत्तर धैर्य, निष्ठा और विश्वास के साथ दिया । गुरु जी ने यह कौतुक इस लिये किया क्योंकि वह साबित करना चाहते थे कि गीता, वेदों, पुराणों और धर्म ग्रंथों पर किसी वर्ण, वर्ग का एकाधिकार नहीं। पंडित वह नहीं जो ब्राह्मण के वंश में जन्म ले अपितु पंडित वह है जो ज्ञानी है ।

इस के पश्चात कई दिनों की यात्रा कर के मार्ग में कई स्थानों पर सत्संग और मानवता, भाईचारे और प्रेम का उपदेश देते हुये गुरु हरि कृष्ण जी दिल्ली आ गये । बादशाह के कहने पर राजा जै सिंह ने गुरु जी की परीक्षा ले कर देखना चाहा कि उनमें परखने की, पहचान की, सही और गलत के भेद को समझने की कितनी योग्यता है। रानी को गोलियों (सेविकाओं) के वेश में बिठा दिया सब के साथ । फिर गुरु महाराज से कहा पटरानी को पहचाने । गुरु जी मुस्करा दिये इस नाटक पर ।

फिर हाथ में फूलों की छड़ी लिये एक-एक सेविका के पास से गुजरते और कहते कि, यह नहीं, यह भी नहीं और फिर एक के सिर पर छड़ी रख कर कहा, 'दगे करने का पहला फल यह पाया कि रानी ते गोली भयी' यह सुनते ही रानी-राजा पैरों पर गिर कर क्षमा मांगने लगे । गुरु महाराज ने सिख धर्म के सिद्धांत 'जो शरण आवे तिस कंठ लावे' के अनुसार उन्हें क्षमा कर दिया। रानी को माता कह कर संबोधित किया । फिर दरबार में कई दिनों तक उपदेश दिये जिनका उद्देश्य था परमात्मा की महत्ता और मानवता का फर्ज बताना ।

**मगध युर्निवसीटी, बोध गया (बिहार)*

यह स्मरण रहे कि गुरु महाराज का मिशन कि राज-रजवाड़े के झगडों में अपने सिक्खों को उलझाना नहीं था । गुरु महाराज का यश सुन कर औरंगजेब ने पहले एक दरबारी अमीर को भेजा इस अनुरोध से कि वह उन से मुलाकात करना चाहता है । गुरु महाराज ने यह कहलवा दिया कि 'मेरा बडा भाई तो उन के दरबार में है ही । मैं तो फकीर हूं उन्ही के संग रहता हूँ मुझे बादशाहों से मिल कर भला क्या लेना है ।'

यह सुन कर उनके प्रति बादशाह का आदर और बढ़ गया फिर उसने अपने शहजादे को कई सौगातें दे कर भेजा । गुरु जी ने टेंट की कनात के अंदर से ही बात की और यह लिख कर देते हुए कहा इसे अपने वालिद को दे देना ।

**'किआ खादै किआ पैधे होये**
**जा मन नाहीं साचा सोये....**
**नानक सचे नामु बिन**
**सभे टोल बिणास ।।'**

गुरु जी नित्य प्रति उन हलातों में उन बस्तियों में घूमते रहते चेचक से पीड़ित रोगीओं की सेवा करते । अपनी अमृति दृष्टि द्वारा उनको चंगा करते । उनके स्वास्थय लाभ की प्रार्थना करते, अपने हाथों से, अपने अंगों से उन के घावों को पोंछते । उन को लोग मना करते पर जिसके मन में सेवा की लगन हो वह कहां मानते हैं :-

**'सेवा करत होत निहकामी**
**तिस को होत प्रापत सुवामी ।।'**

**'सतिगुरु की सेवा सफल है**
**जे को करे चित लाये ।।'**

चारों ओर लोग यही करते फिरते :-

**'श्री हरिक्रिशन धिआईऐ**
**जिसु डिंठे सभि दुख जाए ।।'**

और अंत में वही हुआ जिसकी आशंका थी । गुरु महाराज ने इस मारु रोग को अपने तन पर ले लिया । उन्हें चेचक की बीमारी हो गई। दिल्ली के पलायन को उन्होंने अपनी मानव सेवा, कृपा दृष्टि और सांत्वना भरे शब्दों से रोक लिया और एक दिन चेत सुदी १४ को शाम के समय संगत को दर्शन दिये और कहा 'गुरु बाबा बकाले' अर्थात अब नौवें गुरु बकाले में बिराजमान है ।

आधी रात के बाद श्री गुरु हरिक्रिशन जी अकाल पुरख के धाम महा प्रयाण कर गये । यमुना नदी के किनारे जहां आप का अन्तिम संस्कार किया गया था आज वहां गुरुद्वारा बाला साहिब और दिल्ली प्रवास में आप जहां रहे वहां गुरुद्वारा बंगला साहिब स्थित है । आज भी वहां पर स्थित जल स्त्रोत जिसे उनके चरण स्पर्श का सन्मान मिला है। श्रद्धालुओं के लिये अमृत समान है जो उन्हें देह आरोग्यता का दान देता है । आज संसार भर में उनके नाम पर स्थापित विद्या केन्द्र, चिकित्साल्य, कूप एवं जल स्त्रोत उनकी लोक कल्याण मानवता की सेवा की भावना के अमर प्रतीक है ।

**सिमरउ सिमरि सिमरि**
**सुख पावउ ।।**
**कलि कलेस तन**
**माहि मिटावउ ।।**

# श्री गुरु नानक देव जी तथा भक्त रविदास जी विचारधारा : एक तुलनात्मक अध्ययन

-डॉ. जसविंदर कौर जी ढिल्लो*

पंद्रहवीं सदी में अवतरित हुए सिक्ख धर्म के संस्थापक श्री गुरु नानक देव जी ने समस्त मानवता के कल्याण हेतु बाणी की सृजना की। अपने विचारों तथा कार्यों से समस्त विश्व में बंधुत्व की भावना का प्रसार करने के लिये उन्होंने दूर-दूर तक भ्रमण किया। 'वासुदेव कटुंबकम्' के आदर्श की प्राप्ति के लिये उन्होंने अनेकों संस्थाओं जैसे संगत, पंगत, गुरु, धरमसाल आदि की स्थापना की। अपने संदेश के प्रचार और प्रसार हेतू उन्होंने अपना उत्तराधिकारी भी स्थापित किया और यही परंपरा उसके उत्तराधिकारियों ने भी जारी रखी। उनके उत्तराधिकारी पांचवें सिक्ख गुरु अरजन देव जी ने एक ग्रंथ की संपादना भी की, जिसमें ६ गुरु साहिबान के अलावा अन्य महापुरुषों की बाणी भी संकलित है। जिन महापुरुषों की बाणी श्री गुरु ग्रंथ साहिब जी में संकलित है वह विभिन्न धर्मों, क्षेत्रों, जातियों से संबंधित थे पर एक समानता उन सब में थी-विचारों की समानता। इसी विचारों की साम्यता के आधार पर ही भक्त रविदास जी की बाणी को भी श्री गुरु ग्रंथ साहिब जी में संकलित किया गया है।

भक्त रविदास जी का जन्म चौदहवीं सदी में बनारस के समीप हुआ। यह भी माना जाता है कि उनका जन्म तथाकथित निम्न जाति में हुआ पर उनके मन में इस बारे में कोई हीन भावना न थी और न ही कोई दुःख। इसका कारण यह था कि उन्होंने अपने कर्मों से समाज में ऐसा स्थान प्राप्त कर लिया था, कि उच्च जाति के लोग भी उन्हें सत्कार देने लग पड़े थे :-

*गुरु नानक विश्व विद्यालय, अमतृसर (पंजाब)

जाके कुटंब के ढेढ तम ढोर ढोवंत फिरहि  
अजहु बनारसी आस पासा ।।  
आचार सहित बिप्र करहि डंडओति  
तिन तनै रविदास दासान दासा ।।

(पृष्ठ-१२९३)

श्री गुरु ग्रंथ साहिब जी मे सिक्ख गुरु साहिबांन तथा अन्य बाणीकारों ने भी अपनी बाणी में भक्त रविदास जी को श्रद्धा सुमन भेंट करते हुए कहा है कि प्रभु प्रेम तथा भक्ति के कारण ही उन्हें यह उच्च पदवी प्राप्त हुई। गुरु रामदास जी के वचन है कि:-

रविदासु चमारु उसतति करे  
हरि कीरति निमख इक गाइ ।।  
पतित जाति उतमु भइआ  
चारि वरन पए पगि आइ ।।

(पृष्ठ-७३३)

गुरु अरजन देव जी की भी मान्यता है :-

ऊच ते ऊच नामदेउ समदरसी  
रविदास ठाकुर बणि आई ।।

(पृष्ठ-१२०७)

भाई गुरदास जी भी अपनी वारों में रविदास जी के बारे में वर्णन करते हुए कहते हैं :-

भगतु भगतु जगि वजिआ  
चंहु चकां दे विच चमरेटा ।।

भक्त रविदास जी की इस महिमा का कारण उनकी भक्ति, उनकी विचारधारा और उनके कार्य थे। उनकी विचारधारा सिक्ख गुरु साहिबान की विचारधारा से मिलती थी और गुरु नानक देव जी तथा भक्त जी के समय की परिस्थितियों में भी काफी साम्यता थी।

दोनों ही महापुरुषों के समय में धर्म अपने पथ से विचलित हो चुका । जनता धर्म के वास्तविक स्वरुप को भुलाकर कर्मकांडों के जाल में उलझी हुई थी और उसे ही अपना धर्म मान रही थी । सामाजिक स्तर भी जाति पाति का भेद भाव अपनी चरम सीमा पर था । शूद्रों को मंदिर जाने तक का अधिकार प्राप्त नहीं था । राजनैतिक परिस्थितियाँ भी बहुत विषम थीं । दोनों ही महान आत्माओं के समय जनसाधारण विदेशी शासन के अधीन था। उनके द्वारा किये जा रहे अत्याचारों का गुरु नानक देव जी ने बहुत ही दर्दनाक वर्णन करते हुए कहा है :-

**ऐती मार पई कुरलाणे**
**तैं की दरदु न आइआ ।।**

(पृष्ठ-३६०)

आसा और तिलंग रागों में उस समय की परिस्थितियाँ का बहुत हृदय बेधक वर्णन प्राप्त होता है :-

इस्लाम के भारत में आने से जहाँ सामाजिक परिस्थितियों में परिवर्तन आये वहाँ समाज को एक नये धार्मिक दृष्टिकोण का भी सामना करना पड़ा । मुस्लिम हाकमों ने बहुत सारे लोगों को जबरन इस्लाम धारण करवाया था और कई लोभ वश भी धर्म परिवर्तन की ओर चल पड़े थे । चाहे यह लोग धर्म परिवर्तन कर चुके थे पर फिर भी जाति बंधनों से मुक्त न हो पाये थे और पुश्तैनी व्यवसाओं से ही जुड़े हुए थे ।

श्री गुरु नानक देव जी तथा भक्त रविदास जी दोनों ने इस बात पर जोर दिया कि कोई भी मानव जाति, पाति या श्रेणी विभाजन के अंतर्गत बड़ा या छोटा, अमीर या गरीब नहीं होता बल्कि मनुष्य के शुभ या अशुभ कर्म ही इसका निर्णय करते हैं। इसी प्रसंग में गुरु नानक देव जी ने कहा :-

**जाति जनमु नह पूछीऐ सचु घरु लेहु बताए ।।**
**सा जाति सा पति है जेहे करम कमाइ ।।**

(पृष्ठ-१३३०)

इसी तरह गुरु नानक देव जी से पूर्व भक्त रविदास जी ने यह कहने में कोई संकोच नहीं किया कि विभिन्न धर्मों, जातियों, वर्गों के लोग एक ही हैं । उन्होंने विशेष रुप से निम्न कहें जाते लोगों में आत्म विश्वास जगाया और स्वयं अपने बारे में लिखा कि :-

**जा की छोति जगत कउ लागै ता पर तुही ढरै ।।**
**नीचहु ऊँच करै मेरा गोबिंदु काहू ते न डरै ।।**

(पृष्ठ-११०६)

दोनों ही बाणीकारों ने अहंकार त्याग पर बल दिया । उन्होंने जाति, धन-संपत्ति, परिवार, रिश्तेदारों का अहंकार करने वालों को सुचेत किया। भक्त रविदास जी ने आम मनुष्य के अहंकार ग्रसित होने की चर्चा करते हुए कहा कि व्यक्ति यह सोचता है :-

**हम बड़ कबि कुलीन**
**हम पंडित हम जोगी सनिआसी ।।**
**गिआनी गुनी सूर हम दाते**
**इह बुधि कबहि न नासी ।।**

(पृष्ठ-८७४)

श्री गुरु नानक देव जी ने भी गर्व से किनारा करने का आदेश समुह मानवता को देते हुए कहा कि चाहे मनुष्य कितने भी शक्तिमान हो उसे अहंकार से बच कर रहना चाहिये :-

**कमरि कटारा बंकुड़ा बंके का असवारु ।।**
**गरब न कीजै नानका मतु सिरि आवै भार ।।**

(पृष्ठ-९५६)

और बिना गुण के गर्व करने वाले को तो उन्होंने असली गधा चित्रित करते हुए कहा :-

**नानक से नर असलि खर**
**जि बिनु गुण गरबु करंति ।।**

(पृष्ठ-१२९५)

दोनों ही महानात्माओं ने बार-बार इस बात पर जोर दिया कि यह जो संसार हम सदीवीं समझते हैं नश्वर है । इसलिये इस की प्राप्तियों पर किया गया अहंकार व्यर्थ है । गुरु नानक देव जी ने इस संसार की प्रकृति संबंधी कहा कि :-

**नटूऐ सांगु बणाइआ बाजी संसारा ।।**
**खिनु पल बाजी देखीऐ उझरत नहीं बारा ।।**

(पृष्ठ-४२२)

और भक्त रविदास जी ने भी इस संसार की नाशमानता की चर्चा करते हुए इसे कुसंभ के रंग की भांति नश्वर माना है :-

**जैसा रंगु कसुंम का तैसा इहु संसारु ।।**

(पृष्ठ-३४६)

**बिनु देखे उपजे नहीं आसा ।।**
**जो दीसै सो होइ बिनासा ।।**

(पृष्ठ-११६७)

यदि यह जग जादूगर के खेल की तरह कुसंभ के रंग की तरह सीमित काल तक है तो ऐसा क्या है जो सदीवी काल तक रहता है । भक्त रविदास जी की मान्यता है :-

**मेरे रमईए रंगु मजीठ का**
**कहु रविदास चमार ।।**

(पृष्ठ-३४६)

भाव प्रभु रंग ही मजीठ के रंग की तरह सदीव काल तक रहने वाला है । गुरु नानक देव जी ने परमात्मा की सदीवता का वर्णन करते हुए कहा :-

**आदि सचु जुगादि सचु ।।**
**है भी सचु नानक होसी भी सचु ।।**

(पृष्ठ-१)

वह प्रभु भक्त वत्सल है, भक्तों पर कृपा करने वाला है । भक्त रविदास कहते हैं कि :-

**ऐसी लालु तुझ बिन कउनु करै ।।**
**गरीब निवाजु गुसईआ मेरै माथै छत्र धरे ।।**

गुरु नानक देव जी भी प्रभु की कृपालु स्वरुप का वर्णन करते हुए कहते हैं :-

**नीचा अंदरि नीच जाति नीची हू अति नीचु ।।**
**नानकु तिन कै संगि साथि**
**वड़िआ सिउ किआ रीस ।।**
**जिथै नीच समालीअनि**
**तिथै नदरि तेरी बखसीस ।।**

(पृष्ठ-१५)

दोनों ही महापुरुषों का विश्वास है कि यह मानव योनी मनुष्य को बहुत परिश्रम से प्राप्त हुई है और जीव को इसका सदुपयोग करना चाहिये। गुरु नानक देव जी इस मनुष्य योनी की तुलना हीरे से करते हुए कहते हैं :-

**रैणि गवाई सोइ कै दिवसु गवाइआ खाइ ।।**
**हीरे जैसा जनमु है कउड़ी बदले जाइ ।।**

(पृष्ठ-१५६)

भक्त रविदास जी ने भी इस दुर्लभ जन्म की चर्चा करते हुए कहा :-

**दुलभ जनमु पुंन फल पाइओ**
**बिरथा जात अबिबिकै ।।**

(पृष्ठ-६५८)

अब प्रश्न यह उठता है कि इस जीवन में मानव को क्या करना चाहिये कि उसका जन्म सार्थक माना जाये । प्रभु भक्ति को ही दोनों युग पुरुषों ने एक मात्र साधन माना है जो जीव को भव सागर से पार कराती है । भक्त रविदास जी के वचन है :-

**होइ पुनति भगवंत भजन ते**
**आपु तारि तारे कुल दोइ ।।**

(पृष्ठ-८५८)

गुरु नानक देव जी ने भी भक्ति की महिमा का बयान करते हुए कहा है कि :-

**नउतन प्रीति सदा ठाकुर सिउ**
**अनदिन भगति सुहावी ।।**

मुकति भए गुर दरखु दिखाइआ
जुगि जुगि भगति सुभावी ।।
(पृष्ठ-१२५५)

दोनों ही भक्तों ने एक प्रभु की अराधना का आदर्श रखते हुए सति संगत में रहते हुए, निन्दा चुगली से बचते हुए प्रभु भक्ति में लीन रहने को ही असली धर्म माना । उन्होंने धर्म में घर कर चुके आडंबरों की निन्दा करते हुए परमावस्था की प्राप्ति के लिये जीव को प्रोत्साहित किया ।

उन्होंने स्पष्ट कहा कि सत्य की महिमा अपरंपार है पर उस सत्य के मार्ग पर चलना सर्वोपरि महत्ता रखता है । उन्होंने उन लोगों की भर्त्सना की जो कहते कुछ और तथा करते कुछ और हैं । भक्त रविदास जी के शब्दों में :-

कहीअत आन अचरीअत अन
कछु समझ न परै अपर माइआ ।।
(पृष्ठ-६५८)

